# ਜੋਤ ਸਰੂਪ ਬਚਨ

(ਬਾਣੀ ਦੀ ਲਿਖਾਈ ਸ਼ੁਰੂ ਹੋਣ ਤੋਂ ਪਹਿਲਾਂ
ਸਤਿਗੁਰਾਂ ਦੇ ਜੋਤ ਸਰੂਪ ਬਚਨਾਂ ਚੋਂ
ਜੋ ਕੁਝ ਕੁ ਬੇਬੇ ਬੰਸੋ ਨੇ ਲਿਖੇ)



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।



## ❖ ਪਹਿਲੀ ਹਾੜ ਘਵਿੰਡ ਬਚਨ ਹੋਏ ਸੰਮਤ ਬਿਕ੍ਰਮੀ ੨੦੦੪ ❖

ਗੰਜਿਆ, ਸਾਡੀ ਮਰਿਆਦਾ ਨੂੰ ਤੁਸੀਂ ਭੁੱਲ ਗਏ
ਤਾਂ ਦੂਜਿਆਂ ਦਾ ਕੀ ਹਾਲ ਹੋਊ ।

ਸਾਡਾ ਪਲੰਘ ਤਿਆਰ ਕਰ ਦਿਓ । ਨਾਮੇ ਤੇ ਮੰਗੋ ਨੂੰ ਆਖੋ,
ਛੇਤੀ ਕਰੋ, ਮੈਂ ਮੈਂ ਹੋ ਕੇ ਦੱਸਾਂਗਾ ।

ਓਏ ਵੇਖੋ ਸਾਂਗ ਕਿਹੜਾ ਵਰਤ ਗਿਆ ਹੈ ।
ਮੇਰੇ ਸਿਖਾਂ ਦੀ ਘਾਲ ਸਭ ਥਾਈਂ ਪਈ ਹੈ ।

ਤੇਜਾ ਸਿੰਘ ਅਮਲੀ ਨੂੰ ਸੱਦ ਲਿਆਓ,
ਨਹੀਂ ਤੇ ਰੋਂਦਾ ਫਿਰੂ ਵੇਲਾ ਹੱਥ ਨਹੀਂ ਔਣਾ ।

ਬਾਰ ਵਿਚ ਬਚਨ ਕੀਤਾ ਸੀ ਕਿਸ ਤਰਾਂ ਸਿਖੀ ਤੋੜੀ ਤੇ ਗੰਢੀ ਹੈ ।
ਸਾਡਾ ਹੀ ਕੰਮ ਹੈ ਸੂਲੀ ਤੋਂ ਸੂਲ ਕਰਨਾ ।

ਅਸੀਂ ਆਉਣਾ ਨਹੀਂ ਸੀ, ਪਰ ਮੋਤੇ ਦਾ ਬਚਨ ਸੀ
ਤੇ ਸਾਨੂੰ ਜਰੂਰ ਆਉਣਾ ਪਿਆ ।

ਉਧੋ ਡੰਗਰ ਨੂੰ ਆਖਿਆ ਸੀ ਕਿ ਤੂੰ ਕਿਤੇ ਨਾ ਜਾਵੀਂ,
ਕੁੱਤੇ ਵਾਂਗੂ ਫਿਰਦਾ ਰਿਹਾ, ਕੀ ਲੈ ਲਿਆ ਸੂ ।
ਸਾਰੀ ਦੁਨੀਆ ਨੇ ਕੁੱਤਿਆ ਵਾਂਗੂੰ ਫਿਰਨਾ ਹੈ ।

ਦੁਨੀਆ ਸਾਰੀ ਨੂੰ ਤਾਂ ਹੈ, ਸਿਖਾਂ ਨੂੰ ਚਾਅ ਹੈ ।
ਕੋਈ ਐਸਾ ਸਿਖ ਹੈ ਜਿਹਨੂੰ ਦਰਸ਼ਨ ਨਹੀਂ ਹੁੰਦੇ ।

ਚਾਰ ਲੋਕ ਛੱਡ ਕੇ ਤੇ ਤੁਹਾਡੇ ਕੋਲ ਆਈਦਾ ਹੈ,
ਸਿਖ ਸੁੱਤੇ ਹੋਣ ਤੇ ਅਸੀਂ ਨੰਗੀ ਪੈਰੀ ਸਰ੍ਹਾਣੇ ਖਲੋਤੇ ਹੋਈਏ ।

ਬੀਮਾਰੀ ਨੂੰ ਤਾਂ ਅਜੇ ਤਿੰਨ ਸਾਲ ਈ ਹੋਏ ਨੇਂ,
ਤੁਸਾਂ ਆਪੇ ਈ ਲਾਈਆਂ ਨੇ ।
ਰਾਤ ਨੂੰ ਅਰਜ ਕਰਿਓ, ਦਿਨੇ ਨਹੀਂ ਅਰਜ ਕਰੀ ਦੀ ।

ਉਹੋ ਵੇਲਾ ਜੇ ਜਦੋਂ ਪ੍ਰਸਾਦ ਡਿਗਾ ਸੀ ।
ਅਜੇ ਕਿਸੇ ਨੂੰ ਅੰਧਵਿਸ਼ਵਾਸ ਆ ਤੇ ਕੱਢੋ ।

੨੭ ਵਿਚ ਬਚਨ ਕੀਤਾ ਸੀ
ਕਿ ਜਿਦਣ ਸਾਡੇ ਬਚਨ ਤੇ ਯਕੀਨ ਨਾ ਹੋਊ
ਓਦਣ ਸਾਨੂੰ ਐਸ ਤਰਾਂ ਖਲਾਰਕੇ ਅੱਗ ਲਾ ਦਿਓ,
ਜੇ ਸਾਡੇ ਸਰੀਰ ਤੋਂ ਇਕ ਰੋਮ ਵੀ ਸੜ ਜਾਏ
ਤੇ ਸਾਡਾ ਬਚਨ ਨਾ ਮੰਨਿਓ ਜੇ ।

ਰਿਧ ਸਿਧ ਦਾ ਦਾਤਾ ਮੈਂ ।
ਵਿਸਨੂੰ ਬੰਸੀ ਮੈਂ ।

ਜੇ ਲਖਾਈ ਪੂਰੀ ਨਾ ਹੁੰਦੀ ਤੇ ਅਸੀਂ ਲਿਖੌਂਦੇ ਕਿਉਂ ?

ਜਿਹਨੂੰ ਅਸੀਂ ਲਿਆਈਏ ਔਂਦੇ ਕਿਉਂ ਨਹੀਂ ।
ਏਸ ਵੇਲੇ ਨੂੰ ਤਾਂ ਦੁਨੀਆ ਤਰਸਦੀ ਹੋਈ ਨਾ ।

ਜੇ ਅਸੀਂ ਆਪਣਾ ਆਪ ਜਤੌਂਦੇ
ਤੇ ਘਵਿੰਡ ਵਿਚ ਮੋਡੇ ਰਗੜ ਕੇ ਕਿਉਂ ਜਾਂਦੇ ਜੇ ।

ਸਾਰਿਆਂ ਨੂੰ ਸਰਨ ਲਾਉਂਦੇ ਤੇ ਨਾਸ ਦੁਨੀਆ ਦਾ ਕਿਸ ਤਰਾਂ ਕਰਦੇ ?

ਬਾਬੇ ਹੋਰਾਂ ਆਖਿਆ ਸੀ ਕਿ ਜੋ ਕੁਛ ਨੇ ਦੁਨੀਆ ਤੇ ਏਹੋ ਜੇ,
ਹੋਰ ਕੋਈ ਨਹੀਂ ਜੇ ।

ੴ ੨੦੦੪ ਬਿਕ੍ਰਮੀ ਮਹੀਨਾ ੧੬ ਮੱਘਰ ਪਿੰਡ ਕਲਸੀ ਬਚਨ ਹੋਏ ੴ

ਅਮਲੀਆ, ਐਦਰ ਆ ਪੂਤਰ,
ਅੱਜ ਮੈਂ ਤੇਰੇ ਸਿਰ ਤੇ ਛਤਰ ਝਲੌਣ ਵਾਲਾ ।

ਅਮਲੀਆ, ਤ੍ਰਿਲੋਕੀ ਆਂ
ਬਚਨ ਸੁਣ ਕੇ ਤਾਂ ਆਖੋ ਬਚਨ ਨਾ ਮੋੜਾਂਗੇ ।
ਬਚਨ ਨਹੀਂ ਲੱਭਣੇ ।

ਬੱਚਾ ਜਨਮ ਲੈਂਦਾ ਏ, ਕੋਈ ਜੰਮਦਾ ਈ ਮਰ ਜਾਂਦਾ
ਕੋਈ ੧੦੦ ਸਾਲ ਭੋਗ ਲੈਂਦਾ ਏ, ਜੋ ਚਾਹੀਏ ਕਰ ਸਕਦੇ ਆਂ ।

ਅਮਲੀਆ, ਪੁੱਛੋ ਸੰਗਤ ਨੂੰ ਆ ਉਹੋ ਪਲੰਘ ਆ ਨਾ,
ਜੇਹੜਾ ਹਾੜ ਵਿਚ ਰੋਕਿਆ ਸੀ ।

ਹਰਨਾਮ ਸਿੰਘ ਤਾਂ ਸਾਥੋਂ ਬੇਮੁਖ ਹੋ ਗਿਆ,
ਨਾ ਸੰਗਤ ਦਾ ਆਖਿਆ ਪ੍ਰਵਾਨ ਕੀਤਾ ਏ ।

ਅਮਲੀਆ ਸਾਡੇ ਵਿਚ ਗੁੱਸਾ ਹੁੰਦਾ ਤਾਂ ਅਸੀਂ ਔਦੇ ਨਾ ।
ਕੋਈ ਗੁੱਸੇ ਹੋ ਕੇ ਫੇਰ ਘਰ ਨਹੀਂ ਵੜਦਾ ।
ਸਾਡਾ ਦਰ ਛੱਡ ਕੇ ਗੁੱਸੇ ਹੋ ਕੇ ਤੇ ਚਲੇ ਜਾਂਦੇ ਨੇ ।

ਜਦੋਂ ਦੇ ਅਸੀਂ ਆਏ ਹਾ, ਚਾਹੀਦਾ ਸੀ
ਸ਼ਬਦਾਂ ਦੀ ਘਨਘੋਰ ਪਈ ਹੁੰਦੀ ਤੇ ਲੋਕੀ ਵੇਂਹਦੇ ।

ਅਮਲੀਆ ਅਜੇ ਕੀ ਆ ਲੋਕੀ ਵੇਖਣਗੇ ।

ਅਮਲੀਆ ਵੇਖਿਆ ਨਾ, ਅਸੀਂ ਏਸੇ ਕਰਕੇ
ਸੰਗਤ ਨੂੰ ਧੁੱਪੇ ਖਲਾ ਕੇ ਨੰਗੀ ਪੈਰੀਂ ਸ਼ਬਦ ਪੜ੍ਹੌਦੇ ਸੀ
ਦੁਨੀਆ ਮਰੀ ਨਾ ਨੰਗੀ ਪੈਰੀ ਰੁਲ ਕੇ ।
ਹੁਣ ਦੁਨੀਆ ਨੰਗੇ ਪਿੰਡੇ ਔਣਾ ਜੇ ।

ਕਿੰਨਾਂ ਚਿਰ ਹੋਇਆ ਅਮਲੀਆ ਬਾਰ ਵਾਲੀ ਸੰਗਤ ਨੂੰ ਔਂਦਿਆਂ ।
ਕਦੀ ਤੂੰ ਆਖਿਆ ਸੀ ਕਿ ਮੈਂ ਪ੍ਰਸਾਦ ਛਕਾਂਵਾਂ ।
ਕੀ ਲਾਭ ਹੈ ਸੰਗਤ ਨੂੰ ਘਰ ਖੜਨ ਦਾ ?

ਅਮਲੀਆ ਤੇਰੇ ਘਰ ਤੋਂ ਨਹਿਰ ਦੀ ਪਟੜੀ
ਸਿਧਾ ਦੁਨੀਆ ਨੱਕ ਰਗੜਦੀ ਜਾਊ ।

ਜਿਦਣ ਸੂਰਤ ਸਿੰਘ ਦੀ ਚਿੱਠੀ ਗਈ ਸੀ
ਅਸੀਂ ਕਿਤੇ ਬੱਚਿਆਂ ਦਾ ਹਿਰਖ ਕੀਤਾ ਸੀ ।
ਬੱਚਿਆਂ ਦੇ ਮਗਰ ਲੱਗ ਕੇ ਅਸਾਂ ਲਿਖਾਈ ਝੂਠ ਨਹੀ ਕਰਨੀ ।

ਕਿੰਨੀਆਂ ਬੀਬੀਆਂ ਦੀ ਗੋਦ ਖਾਲੀ ਹੋਈ ਹੈ ।
ਹੁਣ ਪਤਾ ਏਥੇ ਕੌਣ ਆਉਂਦਾ ਹੈ ।
ਅਮਲੀਆ ਚੇਤ ਦੀ ਪਹਿਲੀ ਨੂੰ ਤੋਂ ਬਾਦ ਜੇਹੜਾ ਜਰਮ ਲਏਗਾ ਸਾਹਿਬਜਾਦਿਆਂ ਦੇ ਘਰ
ਤੇ ਆਪੇ ਦੱਸੇਗਾ
ਕਿ ਮੈਂ ਸਿਖਾਂ ਦੇ ਘਰੋਂ ਆਇਆ ਹਾਂ ਫਲਾਣਾ ਸਿੱਖ ਹਾਂ ।

ਤੁਸੀਂ ਵੱਡੇ ਭਾਗਾਂ ਵਾਲੇ ਜੇ ਜੇਹੜੇ ਏਸ ਵੇਲੇ ਨੂੰ ਵੇਂਹਦੇ ਜੇ ।

ਬਾਬੇ ਹੋਰੀ ਆਪ ਤੁਹਾਨੂੰ ਅੱਗੇ ਲਾ ਕੇ ਤੁਰਨਗੇ ।
ਥੋੜੇ ਚਿਰ ਵਿਚ ਕਾਰ ਭੁਗਤਾ ਕੇ ਬਾਬੇ ਹੋਰਾਂ ਦੇ ਹਵਾਲੇ ਕਰਾਂਗੇ ।

ਸਾਨੂੰ ਬਾਬੇ ਹੋਰਾਂ ਪ੍ਰਗਟ ਕੀਤਾ ਸੀ
ਤੇ ਅਸੀ ਹੁਣ ਏਨਾਂ ਨੂੰ ਕਰਨਾ ਹੋਇਆ ਏਸੇ ਤਰਾਂ ।

ਅਮਲੀਆ ਅਸਾਂ ਮੋਤੇ ਹੋਰੀ ਪਾਲੇ ਨੇ
ਕਿਸੇ ਵਾਸਤੇ ਬਜਰ ਉਏ ਕਿਸੇ ਵਾਸਤੇ ਬਿਆਸਲ ।
ਉਏ ਤੁਹਾਡੇ ਵਾਸਤੇ ਸਤਿਜੁਗ ਉਦੈ ।

ਜਿਸ ਨੂੰ ਇਕ ਵਾਰੀ ਜੋਤ ਦਾ ਦਰਸ਼ਨ ਹੋ ਜੇ
ਉਨ ਹੋਰ ਕੀ ਲੈਣਾ ਏ ।

ਅਮਲੀਆ ਪਿਉ ਪੁੱਤਰ ਨੂੰ ਵੇਖਕੇ ਖੁਸ਼ੀ ਕਿਉਂ ਨਾ ਹੋਵੇ ।
ਥੋੜੀ ਜੇਈ ਗੱਲ ਦਾ ਗੁੱਸਾ ਕਰਦੇ ਨੇ ਕਿ ਸਾਨੂੰ ਲੈਣ ਨਹੀਂ ਆਏ ।

ਅਸੀ ਏਥੇ ਰਹਿੰਦੇ ਤੇ ਨਾਸ ਦੁਨੀਆ ਦਾ ਕਿਸ ਤਰਾਂ ਹੁੰਦਾ ।

ਸੰਗਤ ਵੇਖੋ ਕਿਸ ਤਰਾਂ ਜੁੜੀ ਕਾਰਨ ਆਪੇ ਈ ਭੁਗਤਦੇ ਜਾਂਦੇ ਨੇ ।
ਵੱਡੇ ਭਾਗ ਸੰਗਤ ਦੇ ਨੇ ਜੇਹੜੀ ਸਾਡੇ
ਤੇ ਨਾਲ ਬਾਬੇ ਹੋਰਾਂ ਦੇ ਦਰਸ਼ਨ ਕਰਦੇ ਦੇ ।

ਸਾਨੂੰ ਜੀਆਂ ਵਾਸਤੇ ਵੜਾ ਕੁਛ ਕਰਨਾ ਪੈਂਦਾ ਏ ।
ਹਰ ਇਕ ਜਗਾ ਵਿਚ ਹੋਣਾ ਪੈਂਦਾ ਏ ।
ਖੰਡਾਂ ਵਰਭੰਡਾਂ ਵਿਚ ਸਾਰੇ ਹੋਣਾ ਪੈਂਦਾ ਏ ।

ਅਮਲੀਆ ਥੋੜਾ ਚਿਰ ਆ ਹੋਰ
ਵੇਖੋ ਕਿਸ ਤਰਾਂ ਧੌਣਾਂ ਭੰਨ ਕੇ ਚਰਨਾਂ ਵਿਚ ਸੁੱਟਦੇ ਆਂ ।

ਏਸੇ ਵਾਸਤੇ ਅਸਾਂ ਬਾਣੀ ਲਖਾਈ ਸੀ
ਪਰਾਣੀਆਂ ਲਿਖਾਈਆਂ ਵੇਖਿਓ ਲੋਕੀ ਕਿਸ ਤਰਾਂ ਸੁੱਟਕੇ ਭੱਜਦੇ ਨੇ,
ਇਕ ਰਗੜਾ ਹੋਰ ਲੱਗ ਲੈਣ ਦਿਓ ।

ਜਿਹੜਾ ਅਸਾਂ ਸਤਾਈ ਵਿਚ ਧਾਮ ਬਣਾਇਆ ਸੀ ਧੁੱਪੇ ਖਲੋ ਕੇ,
ਸਾਰੀ ਸਾਰੀ ਦਿਹਾੜੀ ਸੜਦੇ ਸਾਂ, ਚਾਰ ਦਰਵਾਜੇ ਰਖਾਏ ਸੀ
ਤੇ ਚੌਹਾਂ ਜੁਗਾਂ ਦਾ ਨਾਸ ਕਰਨਾ ਸੀ ।

ਘਵਿੰਡ ਜੇਹੜਾ ਦਰਬਾਰ ਬਣਾਇਆ ਸੀ ਲੰਮੇ ਪੈ ਕੇ ਮਿਣਿਆ ਸੀ,
ਲੋਕੀ ਕੋਠੇ ਤੇ ਖਲੋਤੇ ਸੀ ਤੇ ਅਸੀਂ ਘੱਟੇ ਵਿਚ ਮੂੰਹ ਰਗੜਦੇ ਸਾਂ ।

ਸਾਡਾ ਬਚਨ ਮੋੜਨਾ ਵੜਾ ਭਾਰ ਏ ।

ਜਾਮਾ ਤਾਂ ਕੋਈ ਚੀਜ ਨਾ ਹੋਇਆ,
ਪਰਾਣਾ ਹੋ ਗਿਆ ਤੇ ਲਾਹ ਕੇ ਔਹ ਮਾਰਿਆ ।

ਐਹੋ ਜਏ ਸਮੇਂ ਵਿਚ ਜਦੋਂ ਹਾਹਾਕਾਰ ਮੱਚੀ ਹੋਵੇ
ਸਾਡਾ ਦਰ ਹੋਵੇ ਤੇ ਜੈ ਜੈਕਾਰ ਹੋਵੇ ਨਾ ।

ਅਮਲੀਆ ਤੁਹਾਡੇ ਬਿਨਾ ਮੰਗਲਾਚਾਰ ਵੀ ਤਾਂ ਕਿਤੇ ਨਹੀਂ ਨਾ ।
ਵੇਲਾ ਆ ਲੈਣ ਦਿਓ ਅੱਜ ਤੋਂ ਚਾਰ ਜੁਗ ਪਹਿਲਾਂ ਤੋਂ ਬਚਨ ਦੱਸਾਂਗੇ
ਅੱਗੇ ਤਾਂ ਬਾਣੀ ਦੱਸਦੇ ਸਾਂ ਤੇ ਹੁਣ ਜੋ ਕੁਛ ਹੋਣਾ ਹੋਊ ਓ ਦੱਸਾਂਗੇ ।

ਐਥੇ ਬੈਠੇ ਅਸੀਂ ਤ੍ਰਿਲੋਕੀ ਵੇਖ ਰਹੇ ਹਾਂ ।
ਅਸੀ ਅਨੇਕ ਭਾਂਤ ਦੇ ਬਚਨ ਦੱਸਦੇ ਰਹੇ ਹਾਂ ।
ਅਸੀਂ ਸਤਾਈ ਧਾਮ ਵਿਚ ਲੰਮੇ ਪੈਂਦੇ ਰਹੇ ਹਾਂ ਨੈਣ ਮੂੰਦ ਕੇ ।

ਐਸ ਸੰਗਤ ਵਿਚ ਸਾਰੇ ਅਰਜ ਕਰੋਗੇ ਤਾਂ
ਕੋਈ ਜੀਅ ਨਾ ਝੜਨ ਦਿਆਂਗੇ ।

ਅਮਲੀਆ ਹੁਣ ਤਾਂ ਵੇਲਾ ਆ ਗਿਆ ਏ
ਜਿਹੜੇ ਤੁਹਾਨੂੰ ਵੇਖਕੇ ਹੱਸਦੇ ਸੀ ਹੁਣ ਧਾਈਂ ਮਾਰਨਗੇ ।

ਜਦੋਂ ਅਸਾਂ ਦੇਹ ਛੱਡੀ ਸੀ ਸਾਰੇ ਡੋਲ ਗਏ ਸੀ
ਆਂਦੇ ਸੀ ਆਪ ਚਲੇ ਗਏ ਨੇ ਸਾਨੂੰ ਕੀ ਦੱਸਣਾ ਨੇ ।

ਅਸਾਂ ਲਿਖਾਈ ਕੀਤੀ ਸੀ ਕਿ ਸਿੱਖੀ ਟੁੱਟ ਕੇ ਗੰਢੀ ਜਾਊ
ਤੇ ਸੰਗਤ ਦੂਰੋ ਮੱਥਾ ਟੇਕ ਕੇ ਮੁੜ ਜਾਇਆ ਕਰੂ
ਹੁਣ ਕੋਈ ਸਾਨੂੰ ਦਰਬਾਰ ਤੇ ਜਾ ਕੇ ਵਖਾਵੇ, ਦੂਰੋ ਮੱਥਾ ਟੇਕਦੇ ਨਾ ।

ਅਸਾਂ ਆਖਿਆ ਸੀ ਕਿ ਉਗਲ ਭਿਉਂ ਕੇ ਵੀ ਨਾ ਦਰਬਾਰ ਤੇ
ਚਿਟੀ ਲਾ ਦਿਓ ਜੇ, ਅਸਾਂ ਦੁਨੀਆ ਤੇ ਹਨੇਰ ਵਰਤੌਣਾ ਏ ।

ਸੇਵੀ ਨੇ ਅਰਜ ਕੀਤੀ ਸੀ ਕਿ ਪਾਤਸ਼ਾਹ
ਸਾਡਾ ਰੁਪਈਆ ਕੋਟੇ ਰਹਿ ਗਿਆ ਏ,
ਮਾਣ ਜੁ ਤੋੜਨਾ ਹੋਇਆ
ਪਾਪਣ ਮੂੰਹ ਨਾਲੋਂ ਜੇ ਲੌਹਣੀ ਹੋਈ ।

ਅਸਾਂ ਮਾਸੀ ਤੇ ਸ਼ਰਾਬੀ ਨੂੰ ਤਾਂ ਵੜਨ ਨਾ ਦੇਣਾ ਹੋਇਆ ।

ਜਦੋਂ ਦੇ ਅਸੀ ਜੋਤ ਰੂਪ ਹੋਏ ਆ,
ਜੋ ਬਚਨ ਮੂੰਹੋ ਕੱਢਾਂਗੇ ਪੂਰਾ ਕਰਾਂਗੇ, ਲੋਕਾਂ ਨੂੰ ਲਾਰਾ ਹੋਊ ।

ਸੇਵੀ ਤੇ ਸੰਤੋਖ ਸਿੰਘ ਨੂੰ ਆਖਿਆ ਸੀ
੪੦ ਦਿਨ ਕਿਤੇ ਨਾ ਜਾਇਓ ਜੇ ।

ਮੋਤੇ ਨੇ ਅੱਸੂ ਵਿਚ ਆਖਿਆ ਸੀ, ਪਾਤਸ਼ਾਹ,
ਸਾਨੂੰ ਕਿੰਨਾ ਕ ਚਿਰ ਔਖਿਆ ਰੱਖਣਾ ਜੇ ।

ਏਸ ਕਰਕੇ ਸਾਨੂੰ ਛੇਤੀ ਕਰਨੀ ਪਈ ਆ,
ਸਾਲ ਦੇ ਸਾਲ ਅਮਲੀਆ ਖਜਾਨਾ ਜਮਾਂ ਜੁ ਕਰਾਈ ਜਾਂਦਾ ਹੋਇਆ ।

ਸਾਹਿਬਜਾਦੇ ਭਗਵਾਨ ਤੋਂ ਵਿਸ਼ਨੂੰ ਭਗਵਾਨ ਨਾ ਬਣਾਇਆ
ਤੇ ਸਾਡਾ ਹੋਣਾ ਕੀ ਹੋਇਆ
ਅੱਗੇ ਤਾ ਸੰਗਤਾਂ ਬਾਬੇ ਹੋਰਾਂ ਨੂੰ ਲੱਭਦੀਆਂ ਸੀ,

ਤੇ ਹੁਣ ਬਾਬੇ ਹੋਰੀ ਪੱਲਾ ਫੇਰਕੇ ਸੰਗਤਾਂ ਨੂੰ ਅੱਗੇ ਲੈ ਕੇ ਤੁਰਨਗੇ ।

ਪ੍ਰੀਤੇ ਨੂੰ ਅਮਲੀਆ ਪੁੱਛੇ, ਅਸਾਂ ਔਦਿਆਂ ਬੂਹੇ ਬੰਦ ਕਰਾਤੇ ਸੀ
ਕਿ ਕੋਈ ਬੇਮੁਖ ਸਾਡਾ ਬਚਨ ਨਾ ਸੁਣ ਲਵੇ ।

ਅਮਲੀਆ ਮਹੀਨੇ ਦੋ ਖਲੋਜਾ ਸਾਰੀ ਸੰਗਤ ਲੈ ਕੇ ਚਲਾਂਗੇ ।
ਅੱਗੇ ਅਸਾਂ ਸਾਰੀ ਸੰਗਤ ਨੂੰ ਪੁੱਟਕੇ ਲਿਆਂਦਾ ਸੀ ਕਿ ਨਹੀਂ ।
ਹੁਣ ਅਸਾਂ ਜਦੋਂ ਕਿਤੇ ਜਾਣਾ ਹੋਇਆ ਉਦੋਂ ਵਿਹਾਰ ਕਰਾਂਗੇ
ਕਾਹਲੇ ਨਾ ਪਇਓ ।

ਅਮਲੀਆ ਗੋਲੀਆਂ ਤੋਂ ਕੀ ਡਰਨਾ ਹੋਇਆ
ਕਾਰਾਂ ਤਾਂ ਭੁਗਤੌਣੀਆਂ ਹੋਈਆਂ ਨਾ ।

ਬਾਬੇ ਹੋਰਾਂ ਜਿਥੇ ਜਿਥੇ ਨਿਸ਼ਾਨ ਲਾਏ ਨੇ
ਓਥੇ ਪਹੁੰਚਣਾ ਜਰੂਰ ਹੋਇਆ ।
ਹਾਲੀ ਏਥੇ ਰਹਿਣਾ ਏ, ਵੱਡੀ ਕਾਰ ਏਥੇ ਭੁਗਤੌਣੀ ਹੋਈ ।

ਇਕ ਘਰ ਨੂੰ ਅੱਗ ਲੌਣੀ ਹੋਵੇ ਤੇ ਚੋਰ ਦੱਸਦਾ ਨਹੀ,
ਈਸ਼ਰ ਨੇ ਦੁਨੀਆ ਦਾ ਨਾਸ ਕਰਨਾ ਹੋਇਆ
ਕਿਸ ਤਰਾਂ ਸਭ ਕੁਛ ਦੱਸ ਦੇਵੇ ।

ਸਾਡਾ ਵੱਡਾ ਬਚਨ ਏਹੋ ਆ ਤੁਸਾਂ ਡੋਲਣਾ ਨਹੀਂ ।

ਚੇਤ ਦੀ ਪਹਿਲੀ ਨੂੰ ਸਾਰਾ ਚਾਨਣ ਕਰ ਦਿਆਂਗੇ ।
ਜੁਗ ਉਲਟਦੇ ਰਹੇ ਨੇ
ਸਾਰੀ ਸ੍ਰਿਸ਼ਟੀ ੧੫ ਕਰੋੜ ਸੀ ਫੇਰ ੨੦ ਕਰੋੜ ਹੋਈ
ਹੁਣ ੩੬ ਕਰੋੜ ਹੋਈ ਹੈ
ਸਾਰੀ ਪਾਪਾਂ ਦੀ ਭਰੀ ਹੋਈ ਆ ।
ਬਣਾਈ ਤਾਂ ਮੇਰੀ ਆ ਪਰ ਬੇਮੁਖ ਵੀ ਤਾਂ ਸਾਥੋਂ ਈ ਹੋਏ ਆ ਨਾ ।

ਵੱਡੀ ਮੇਹਰ ਸਾਡੀ ਏਹੋ ਆ
ਜਿਥੇ ਸਿਖ ਹੁੰਦੇ ਨੇ ਤੇ ਜਾ ਕੇ ਦਰਸ਼ਨ ਦੇਂਦੇ ਹਾਂ ।
ਗੁਰਮੁਖ ਓ ਹੁੰਦੇ ਨੇ ਜੇਹੜੇ ਭਾਣੇ ਨੂੰ ਸਤਿ ਕਰਕੇ ਮੰਨਣ ।

ਜਿਹਨੂੰ ਇਕ ਵਾਰੀ ਜਾਮੇ ਵਿਚ ਦਰਸ਼ਨ ਦੇ ਦੇਈਏ
ਭਵਜਲੋਂ ਪਾਰ ਹੋ ਜਾਂਦਾ ਏ ।

ਜੇਹੜੇ ਤਕਲੀਫ ਵੇਖਕੇ ਆਂਦੇ ਨੇ ਪਾਤਸ਼ਾਹ ਦਇਆ ਨਹੀਂ ਕਰਦੇ
ਓਹਵੀ ਭੁੱਲ ਜਾਂਦੇ ਨੇ
ਜਿਸ ਤਰਾਂ ਐਥੇ ਸਾਨੂੰ ਵੇਖਣ ਔਂਦੇ ਨੇ, ਕੀ ਪਖੰਡ ਕਰਦੇ ਨੇ,
ਏਸੇ ਤਰਾਂ ਦਰਗਾਹ ਵਿਚ ਗੁਰਮੁਖਾਂ ਨੂੰ ਵੀ ਪਰਖਦੇ ਨੇ ।

ਈਸ਼ਰ ਦਾ ਵੱਡਾ ਕੰਮ ਏਹੋ ਆ
ਅਮਲੀਆ ਭਗਤਾਂ ਦੀ ਲੱਜਿਆ ਰੱਖਣਾ ।

ਸਾਡਾ ਨਾਮ ਨਿਰੰਜਣ ਆ ।
ਸਾਡਾ ਨਾਮ ਤਾਂ ਸਾਡੀ ਜੋਤ ਹੋਈ
ਪਿਓ ਨੂੰ ਬਾਪੂ ਆਖਣਾ ਨਾਮ ਈ ਲੈਣਾ ਨਾ,

ਈਸ਼ਰ ਤੋਂ ਬਗੈਰ ਸਾਰੇ ਭੁੱਲਣਹਾਰ ਹੋਏ

ਬਾਣੀ ਦਾ ਖੋਜ ਓਹੋ ਕੱਢੇ ਨ ਜਿਨ ਲਿਖਾਈ ਹੋਵੇ ।

ਅਮਲੀਆ ਉਣੰਜਾ ਤਰਾਂ ਦੀ ਪੌਣ ਵਗਦੀ ਆ
ਵੇਖਿਆ ਹੋਵੇ ਤੇ ਤਾਂ ਦੱਸੇ ਨਾ ।

ਅਮਲੀਆ ਜੋਤ ਤਾਂ ਹੈ ਦੇਹ ਤਾਂ ਕੋਈ ਨਹੀਂ ਨਾ ।

ਸਾਡਾ ਓਦਣ ਅਵਤਾਰ ਹੋਣਾ ਮੰਨਿਆ ਜਾਊ
ਜਿਦਣ ਸਾਰੀ ਸ੍ਰਿਸ਼ਟੀ ਚਰਨਾਂ ਤੇ ਆਣਕੇ ਡਿਗੂ ।
ਅਜੇ ਤਾਂ ਸਾਨੂੰ ਕੋਈ ਮੰਨਦਾ ਨਹੀਂ ।
ਨਹੀ ਮੰਨਦੇ ਤੇ ਮਰਨ ਵੀ ਤਾਂ ਓਹੋ ਡਏ ਨੇ ਨਾ ।

ਸਿਖਾਂ ਨੇ ਕਰਨਾ ਵੀ ਤਾਂ ਨਹੀਂ ਨਾ ਕੁਛ
ਏਹੋ ਤਾਂ ਜੋਤ ਦਾ ਕੰਮ ਹੋਇਆ ।

ਜੋ ਮਰਜੀ ਕਰੀਏ ਡੋਲਣਾ ਨਹੀਂ ।

ਹੁਣ ਤੁਹਾਨੂੰ ਔਖੀ ਘੜੀ ਨਹੀਂ ਵੇਖਣ ਦੇਂਦੇ ।

ਸਰਬ ਦੇ ਪ੍ਰਿਤਪਾਲਕ ਬਣਾਗੇ ।

ਦੀਵੇ ਨਾਲੋਂ ਦੀਵਾ ਜਗਾ ਦੇਈਏ ਤੇ ਕੀ ਘਟ ਜਾਂਦਾ ਏ ?

ਫਲ ਤਾਂ ਕੀਤੇ ਦਾ ਈ ਮਿਲਨਾ ਏ ।

ਜਰਮ ਤਾਂ ਕਿਸੇ ਦੀ ਨੀਚ ਨਹੀ ਕਰਮ ਨੀਚ ਹੋ ਜਾਂਦਾ ਏ ।

ਬੂੜ ਸਿੰਘ ਨੂੰ ਬੁੱਗੀ ਰਹਿਣ ਦਿਓ ।

ਏਸ ਦਰ ਤੇ ਆਣ ਕੇ ਸਿੱਖ ਨੂੰ ਦੁਖਦਾਈ ਨਹੀਂ ਹੋਣਾ ਚਾਹੀਦਾ ।

ਬੇਬੇ ਕਰਮੋ ਏਥੇ ਰਹਿਣ ਵਿਚ ਖੁਸ਼ ਆ ਜਾਂ ਓਥੇ ਰਹਿਣ ਵਿਚ ?
ਏਥੇ ਬੇਬੇ ਰਹਿਣ ਵਿਚ ਕਰਮੋ ਦਾ ਪ੍ਰੇਮ ਨਹੀਂ ਰਹਿਣਾ,
ਪਿਛਲੀ ਕੀਤੀ ਨਾ ਨ ਗਵਾ ਲੈਣ,
ਹੁਣ ਤਾਂ ਭੱਜੀ ਔਂਦੀ ਏ ।

ਬੇਨਤੀ ਸਾਡੇ ਚਰਨਾਂ ਵਿਚ ਸਾਮ੍ਹਣੇ ਖਲੋ ਕੇ ਕਰਿਆ ਕਰੋ ।

ਬੇਬੇ ਬੁੱਡੋ ਸੁਖੀ ਹੋਗੀ ਏ,
ਜੀਹਦੀਆਂ ਚੀਜਾਂ ਸੀ ਹੱਸਕੇ ਦੇ ਦਿਤੀਆਂ ਜੁ ।

ਨਾਮੇ ਨੂੰ ਅਸਾਂ ਮੂੰਹ ਵਿਚੋਂ ਬੁਰਕੀਆਂ ਕੱਢਕੇ ਪਾਲਿਆ ਸੀ
ਹੁਣ ਓਹਵੀ ਨਹੀਂ ਲੱਭਦਾ ।

ਅਮਲੀਆ ਅਸੀਂ ਤਾਂ ਅਜੇ ਸ਼ਕਤੀ ਨਹੀਂ ਵਰਤੌਂਦੇ,
ਬਾਬੇ ਹੋਰੀ ਹੋਣ ਤਾਂ ਵੜੀ ਸ਼ਕਤੀ ਵਰਤੌਣ ।

ਦੇਹ ਕਰਕੇ ਸਾਡੇ ਵਿਚ ਵੀ ਬੜਾ ਗੁੱਸਾ ਸੀ
ਜੋਤ ਕਰਕੇ ਹੁਣ ਨਹੀਂ ।

ਇੰਦਰ ਸਿੰਘ ਤੂੰ ਸਾਡੇ ਤੇ ਪੜਦਾ ਦਿਤਾ ਚਾਨਣੀ ਚੜ੍ਹਾਈ ਆ,
ਅਸੀਂ ਤੇਰੇ ਸਿਰ ਤੇ ਛਤਰ ਰੱਖਾਂਗੇ ।

ਭੁੱਲਣਹਾਰ ਸਿਖ ਓਨਾਂ ਚਿਰ ਭੁੱਲ ਮੰਨਦੇ ਨੇ
ਜਿੰਨਾਂ ਚਿਰ ਸਾਡੇ ਦਰ ਤੇ ਹੋਣ ।

ਇਕ ਨੂੰ ਜਾਮਨ ਲੈ ਲਈਏ ਤੇ ਛੁੱਟਣਾ ਔਖਾ ਹੁੰਦਾ ਏ
ਸਾਨੂੰ ਤੁਸੀਂ ਦੋ ਜਹਾਨਾਂ ਵਿਚ ਜਾਮਨ ਲੈਂਦੇ ਜੇ ।

ਵੱਡੀ ਅਖਿਆਈ ਸਿਖੀ ਵਾਸਤੇ ਨਹੀਂ ਰੱਖੀ
ਨਾਲੋ ਨਾਲ ਦਰਸ਼ਨ ਦੇਂਦੇ ਰਹਿੰਦੇ ਹਾਂ,
ਔਖੀ ਕਾਰ ਤਾਂ ਸਿਖੀ ਵਾਸਤੇ ਏਹੋ ਆ ਨਾ ਮਾਸ ਸ਼ਰਾਬ ਛੱਡਣਾ ।

ਜੇਹੜਾ ਪੈਦਾ ਕਰਨ ਵਾਲੇ ਦਾ ਨਾਂ ਨਹੀਂ ਲੈਂਦਾ ਦੋ ਵੇਲੇ,
ਓਹਦੀ ਕੀ ਸਹਾਇਤਾ ਹੋਣੀ ਹੋਈ ।

ਈਸ਼ਰ ਤਾਂ ਸਿਫਤਾਂ ਦਾ ਭਰਿਆ ਹੁੰਦਾ ਏ
ਸਚ ਦੇ ਸਵਾਰਣਹਾਰਾ ਹੁੰਦਾ ਏ ।

ਮਾਸ਼ਟਰ ਕਿਥੇ ਆ, ਬਚਨ ਸੁਣਨ ਵਾਲਾ ਜੇ,
ਏਸ ਦਰ ਤੋਂ ਕੋਈ ਨਿਰਾਸਾ ਨਹੀਂ ਹੋ ਸਕਦਾ ।
ਜੇਹੜਾ ਸਿਖਾਂ ਦੇ ਘਰ ਬੱਚਾ ਹੋਵੇਗਾ ਪਹਿਲੋਂ ਦੱਸਾਂਗੇ
ਫਲਾਣੇ ਦੇ ਪੁਤਰ ਹੋਵੇਗਾ, ਰਹਿਣਗੇ ਵੀ ਓਹੋ
ਸਾਹਿਬਜਾਦਿਆਂ ਦੇ ਘਰ ਜੇਹੜੀ ਔਲਾਦ ਹੋਊ
ਓਹਵੀ ਦੱਸਾਂਗੇ ।

੧੪ ਮਹੀਨੇ ਮਾਸ਼ਟਰ ਰਹਿਦੇ ਆ,
੧੪ ਮਹੀਨੇ ਦੇ ਅੰਦਰ ਅੰਦਰ ਤੇਰੇ ਘਰ ਸਤਿਵਾਦੀ ਜੀਅ ਹੋਊ,
ਨਾਲੇ ਓਨੇ ਚਿਰ ਨੂੰ ਸਤਿਜੁਗ ਹੋ ਜੂ,
ਖੋਰੇ ਉਮਰ ਓਸ ਜੀਅ ਦੀ ਕਿੰਨੀ ਕ ਹੋਣੀ ਏ ।
ਬਹਿ ਜਾ ਨਿਮਸਕਾਰ ਕਰਕੇ ।

ਕਰੋ ਅਰਜ ਜਿਨ ਕਰਨੀ ਆ ।

ਅਮਲੀਆ ਕਿੱਡੀਆਂ ਵੱਡੀਆਂ ਜਿੰਮੇਵਾਰੀਆਂ ਚੁੱਕੀਆ ਨੇ
ਪਹਿਲੋਂ ਆਖਿਆ ਸੀ ਕਿ
ਜੇ ਏਨ੍ਹਾਂ ਦੇ ਘਰ ਪੁੱਤਰ ਨਾ ਹੋਣ ਤੇ ਸਾਨੂੰ ਝੂਠੇ ਮੰਨਿਓ ਜੇ ।
ਫੇਰ ਲਿਖਕੇ ਘੱਲਿਆ ਕਿ ਨਾਂ ਨਾ ਰੱਖਿਓ ਜੇ
ਨਾਂ ਹਨੇਰੀ ਵਿਚ ਰੱਖਿਆ ਤੇ ਸਾਡੀ ਜੁਮੇਵਾਰੀ ਹਟ ਜਾਣੀ ਏ ।

ਪੜ੍ਹੋ ਸ਼ਬਦ  ਅਸੀ ਹੁਣ ਜਾਈਏ ।

ੴ ਪਹਿਲੀ ਚੇਤ ਕਲਸੀ ਬਚਨ ਹੋਏ ੴ

ਗੰਜਿਆ ਸਾਡਾ ਸਾਫਾ ਫੜਾਓ ।
ਪਿਛਾਂ ਹਟਜੋ, ਗੰਜਿਆ ਦੀਪਕ ਜਗਾ, ਚੇਤ ਸਿੰਘ ਹੈਗਾ ।
ਅਮਲੀਆ ਸਾਡਾ ਫੋਟੂ ਏਥੇ ਲਿਆ,
ਪ੍ਰੇਮ ਸਿੰਘ ਏਸ ਪਾਵੇ ਲਾਗੇ ਆਜਾ, ਛੇਤੀ ਆਜਾ,
ਤੇਜਾ ਸਿੰਘ ਏਸ ਪਾਵੇ ਲਾਗੇ ਆਜਾ,
ਅਮਲੀਆ ਬੂਹੇ ਵਿਚ ਖਲੋਜਾ,
ਮਾਸ਼ਟਰ ਚੌਰ ਫੜ ਬੋਲਣਾ ਨਹੀਂ, ਸੁੰਨ ਹੋ ਜੋ ।
ਐਥੇ, ਇੰਦਰ ਸਿੰਘ ਜੀਉਣ ਸਿੰਘ ਤੁਸੀ ਆਜੋ,
ਚਾਰੇ ਗਲ ਵਿਚ ਪੱਲੇ ਪਾਲੋ ।
ਸਾਰੀ ਸੰਗਤ ਬਾਹਰ ਚਲੇ ਜਾਓ ਐਸ ਬੂਹੇ ਥਾਣੀ ਨਿੱਕਾ ਵੱਡਾ ਸਾਰੇ
ਤੇ ਜਿਹੜੇ ਬੂਹੇ ਅਮਲੀਆ ਓਸ ਥਾਣੀ ਸਾਰੇ ਆ ਜੋ
ਕੱਲਾ ਕੱਲਾ ਹੋ ਕੇ ਲੰਗਿਓ ਜੇ,
ਤੇ ਸਾਡੇ ਨਾਂ ਦੀ ਗੱਜ ਗੱਜ ਕੇ ਜੈ ਬੁਲੌਂਦੇ ਆਇਓ ਜੇ ।

ਸ਼ਮੇਦਾਨ ਲਿਆਓ, ਚੁੱਪ ਕਰੋ,
ਜਿੰਨਾਂ ਰੌਲਾ ਪੌਂਦੇ ਜੇ ਓਨੇ ਔਖੇ ਹੋਗੇ ।
ਅੱਗੇ ਸਾਰੇ ਰਸਤਾ ਰਹਿਣ ਦਿਓ,
ਸਾਰੇ ਨਿਮਸਕਾਰ ਕਰਕੇ ਭਾਵੇਂ ਬਾਹਰ ਵੀ ਬਹਿਜੋ ।
ਜੋ ਦਰ ਤੇ ਆਇਆ, ਗਾਂਹ ਲੰਗਣ ਦਿਓ ।

ਗੰਜਿਆ ਸਾਡਾ ਫੋਟੂ ਵਲੇਟ ਕੇ ਰੱਖਿਆ ਕਰੋ,
ਅਸੀਂ ਤੁਹਾਨੂੰ ਲੱਭਦੇ ਆਂ ਤੇ ਏਸੇ ਵਿਚੋਂ ਲੱਭਦੇ ਜੇ ।

ਸੰਗਤ ਨੂੰ ਦਰਸ਼ਨਾਂ ਦੀ ਲੋੜ ਹੁੰਦੀ ਆ
ਦੂਜਿਆ ਨੂੰ ਵੀ ਦੱਸ ਦਿਆ ਕਰੋ ।

ਇਹ ਗੁਰੂ ਧਾਮ ਜੇ ਜਿਨ ਅੰਦਰ ਵੜਨਾ ਆਦਰ ਨਾਲ ਵੜੇ,
ਜਿਹੜਾ ਸਾਨੂੰ ਏਥੇ ਬਹਿਕੇ ਵੀ ਨਿਹਚੇ ਨਾਲ ਯਾਦ ਨਾ ਕਰੇ
ਹੋਰ ਕਿਥੇ ਧਿਆਊਗਾ ।

ਵੱਡੀ ਦਇਆ ਹੋਵੇ ਤੇ ਅਸੀਂ ਮਿਲਦੇ ਆ
ਚਾਰੇ ਕੂਟਾਂ ਫਿਰਲੋ ਅਸੀਂ ਕਿਤੇ ਨਹੀਂ ਜੇ ਲੱਭਦੇ ।
ਗੁਰਸਿਖ ਜੇਹੜੇ ਨੇ ਗੁਰੂ ਬਿਨਾ ਜੀਉਂ ਨਹੀ ਸਕਦੇ ।

ਸਾਹਿਬਜਾਦਿਆਂ ਬਾਰੇ ਸਾਡੇ ਅੱਗੇ ਕੋਈ ਅਰਜ ਨਾ ਕਰਿਆ ਕਰੋ ।

ਸਚਖੰਡ ਵਿਚ ਨ ਸਾਡੇ ਬਿਨਾ ਕੋਈ ਉਚੀ ਸਾਹ ਨਹੀਂ ਲੈਂਦਾ ।
ਸੰਗਤ ਵਿਚ ਬਹਿਕੇ ਸਾਰੇ ਸਾਡੇ ਚਰਨਾਂ ਵਿਚ ਧਿਆਨ ਰੱਖੋ ।

ਜਿਨ ਝੂਠਾ ਬਚਨ ਕਰਨਾ ਸਾਡਾ ਨਾਂ ਈ ਜਪੀ ਜਾਵੇ,
ਰਸਨਾ ਨੇ ਓਨਾਂ ਕੰਮ ਈ ਕਰਨਾ ਏ ।
ਬਾਹਰੋ ਵੇਖਣ ਨੂੰ ਚੰਗੇ ਨੇ ਤੇ ਬਚਨ ਕਿਉਂ ਮਾੜਾ ਕਰਨ ।

ਸਾਰੇ ਈ ਗੰਜਿਆ ਰਾਤ ਨੂੰ ਜਾਗਦੇ ਨੇ
ਕਈ ਅੰਮ੍ਰਿਤ ਵਾਸਤੇ ਭਟਕਦੇ ਨੇ
ਕਈ ਪਾਪੀ ਵਿਸ਼ਟੇ ਵਾਸਤੇ ਰਾਤ ਭਟਕਦੇ ਨੇ ।

ਏਸ ਜਗਤ ਵਾਲੀ ਝੂਠੀ ਪ੍ਰੀਤ ਜੇ ।
ਸੱਚੀ ਪ੍ਰੀਤ ਕੋਈ ਪਾਉਦਾ ਜੇ ।
ਪਾਰ ਓ ਹੁੰਦਾ ਜੇਹੜਾ ਸਾਡਾ ਨਾਂ ਜਪਦਾ ਦੂਜਾ ਹੁੰਦਾ ਵੀ ਨਹੀ ।

ਇਹ ਤਾਂ ਅਤੁਟ ਭੰਡਾਰਾ ਹੋਇਆ
ਜਿੰਨਾਂ ਮਰਜੀ ਵਧਾ ਲਈਏ ।
ਚਰਨਾਮਤ ਦਾ ਤਾਂ ਸਾਨੂੰ ਚੇਤਾ ਨਾ ਆਇਆ ।
ਚਰਨਾਮਤ ਪੀਣ ਵਾਲੇ ਦਾ ਵੜਾ ਮਾਣ ਰੱਖਿਆ ਜਾਂਦਾ,
ਚਰਨਾਮਤ ਸਾਡਾ ਨਾਂ ਰੱਖਕੇ ਪੀਤਾ ਹੋਵੇ ਸਈ ।

ਗੰਜਿਆ ਚਬਲ ਪੁਣਾ ਕੀਤਾ ਈ
ਸਾਡਾ ਬਚਨ ਭੰਨ ਕੇ ਆਇਆ ਏਂ ।

ਦੇਹ ਕਰਕੇ ਅਸੀਂ ਐਨੇ ਬਚਨ ਨਹੀਂ ਸਾਂ ਕਰਦੇ ।
ਸਿਖਾਂ ਵਾਸਤੇ ਬਚਨ, ਬਾਣੀ ਪੜ੍ਹਕੇ ਸਾਨੂੰ ਵੇਖ ਲੈਣ
ਵੇਦ ਪੁਰਾਣ ਵੀ ਸਾਡਾ ਜਸ ਗੌਂਦੇ ਨੇ ।

ਇਹ ਵੀ ਨਾ ਆਖਿਆ ਕਰੋ ਪਾਤਸ਼ਾਹ ਖਾਲੀ ਹੱਥੀ ਫਿਰਦੇ ਨੇ
ਸਾਡੀ ਕੀ ਰਾਖੀ ਕਰਨਗੇ ।
ਸਾਡੇ ਵੱਡੇ ਹਥਿਆਰ ਨੇ ਜਿਨ੍ਹਾਂ ਨੂੰ ਕੋਈ ਝੱਲ ਨਹੀ ਸਕਦਾ ।

ਦੇਵਤੇ ਵੀ ਸਾਥੋਂ ਵਰ ਲੈ ਕੇ ਦੇਂਦੇ ਨੇ,

ਭਗਤ ਦਾ ਬਾਣ ਵੱਜਾ ਅਸੀ ਮੋੜ ਨਹੀਂ ਸਕਦੇ ।

ਚਰਨਾਮਤ ਤੇ ਅੰਮ੍ਰਿਤ ਵਿਚ ਵੜਾ ਫਰਕ ਹੁੰਦਾ ਜੇ,
ਬਾਰ ਵਾਲਿਆਂ ਨੂੰ ਤਾਂ ਅਸਾਂ ਰਜਾ ਛੱਡਿਆ ਅੰਮ੍ਰਿਤ ਨਾਲ ।

ਐਨਾ ਲਲਕਾਰਾ ਤਾਂ ਦੇਨੇ ਆਂ ਭਈ ਸਾਡੇ ਸਿਖ ਨੇ,
ਤੇ ਪਿਓ ਨੂੰ ਪੁੱਤ ਦੀ ਸ਼ਰਮ ਹੁੰਦੀ ਆ ।
ਪੁੱਤ ਨਾਲੋਂ ਪਹਿਲਾਂ ਲੋਕੀਂ ਪਿਓ ਦਾ ਨਾਂ ਲੈਂਦੇ ਨੇ
ਫਲਾਣੇ ਦਾ ਪੁੱਤ ਆ ।

ਗੁਰੂ ਤੇ ਸਿਖ ਦੇ ਵਿਚ ਭੇਤ ਨਹੀਂ ਚਾਹੀਦਾ ।

ਅਮਲੀਆ ਏ ਚੀਜ ਐਸੀ ਆ, ਗੱਲਾਂ ਨਾਲ ਨਹੀਂ ਲੱਭਦੀ,
ਬਾਰ ਵਾਲਿਆਂ ਨੂੰ ਤਾਂ ਸਦਾ ਦਾ ਚਰਨਾਮਤ ਦੇ ਛੱਡਿਆ ਏ,
ਦਰਬਾਰ ਵਿਚ ਜਾ ਕੇ ਸਾਡਾ ਨਾਂ ਲੈ ਕੇ ਜਲ ਦੇ ਦੇਈਏ
ਤੜਫਦਾ ਹਟ ਜਾਂਦਾ ਭਾਵੇਂ ਕਿਡਾ ਮਰਦਾ ਹੋਵੇ ਖਾਂ ।
ਚਰਨਾਮਤ ਪਵਿਤਰ ਚਰਨਾਂ ਦਾ ਬਣਦਾ ਏ ।
ਪੜ੍ਹੋ ਸ਼ਬਦ ਇਕ ਪ੍ਰੇਮ ਨਾਲ ।

ਸਾਡੇ ਚਰਨਾਂ ਥਾਣੀ ਚੜ ਆ ਮੋਤਿਆ ਜਾ ਸੌਂ ਜਾ ਕੇ ।
ਹੁਣ ਸੰਗਤੇ ਓਹ ਨਾ ਗੱਲ ਹੋ ਜੇ ਕਾਗ ਤੇ ਭਸੁੰਡ ਵਾਙੂੰ,
ਦੇਹ ਬੰਦੇ ਦੀ ਹੋਵੇ ਤੇ ਚੁੰਜ ਕਾਗ ਦੀ ਲੱਗ ਜਾਵੇ ਨਾ ।

ਹੱਥ ਤਾਂ ਅਸੀਂ ਰੱਖਦੇ ਆਂ ਜੇ ਕੋਈ ਸਾਡਾ ਹੋ ਕੇ ਰਹੇ,

ਤੇ ਰਾਜ ਭਾਗ ਇਕ ਬੰਨੇ ਤੇ ਸਾਡਾ ਨਾਂ ਇਕ ਬੰਨੇ ਸੀ
ਤੇ ਫੇਰ ਵੀ ਸਿੱਖ ਨੇ ਸਾਡਾ ਨਾਂ ਪਿਆਰਾ ਕੀਤਾ ਸੀ ।

ਡਡਲੀ ਮਛਲੀ ਨ ਨਾ ਸਾਰੇ ਬਣਦੇ ਜਾਓ ।

ਐਹੋ ਜਹੇ ਸਮੇਂ ਵਿਚ ਸੰਕਟ ਕੱਟਦੇ ਰਹੇ ਹਾਂ ਇਕ ਬਦਲੇ,
ਪਰਲਾਦ ਛੋਟਾ ਬੱਚਾ ਸੀ,
ਤੇ ਸਾਰੀ ਸੰਗਤ ਬਦਲੇ ਕਿਉਂ ਨਾ ਹਾਜਰ ਹੋਈਏ ।
ਤੁਹਾਨੂੰ ਪੁਨੀਤ ਕਰਲਾਂ ਗੇ ।
ਏਨਾਂ ਬਾਲਕ ਸੀ, ਬੱਚਿਆਂ ਦੀ ਸੁਰਤੀ ਸਾਰਿਆਂ ਨਾਲੋਂ ਚੰਗੀ ਹੁੰਦੀ ਆ
ਪ੍ਰਲਾਦ ਦੀ ਮਾਂ ਨੇ ਪ੍ਰਲਾਦ ਨੂੰ ਗਿਆਨ ਦਾ ਹਲੂਣਾ ਮਾਰਿਆ
ਤੇ ਓਨੂੰ ਸੁਰਤੀ ਆ ਗਈ ਸੀ ।
ਤੁਹਾਨੂੰ ਏਸ ਸਮੇਂ ਦਾ ਹਲੂਣਾ ਵੱਜਾ ਤੇ ਫੇਰ ਸੁਰਤੀ ਨਹੀਂ ਅਉਂਦੀ ।

ਹੋਈਏ ਪਤਿਤ ਪੁਨੀਤਾ ਓਨ ਆਖਿਆ
ਮੈਂ ਕਿਉਂ ਨਾ ਇਕੇ ਚੀਜ ਨੂੰ ਲੱਭਾਂ
ਜੀਹਦੇ ਵਿਚ ਸਾਰੀ ਦੁਨੀਆ ਨੂੰ ਵਸ ਕਰ ਲਵਾਂ ।

ਮਲ ਮੂਤਰ ਵਰਗੀ ਚੀਜ ਆ ਜਿਹਨੂੰ ਵੇਖਕੇ ਤੇ ਮਰ ਜਾਂਦੇ ਨੇ
ਇਹ ਤਾਂ ਰਸਨਾ ਦੇ ਭੋਗ ਨੇ,
ਜਿਹਨੇ ਪ੍ਰੇਮ ਮਦ ਪੀਤਾ ਆ ਸਦਾ ਵਾਸਤੇ ਨਹੀਂ ਲੱਭਦੀ ।

ਜਿਹਨੇ ਏਦਰ ਲੱਗਣਾ ਓਨੇ ਈ ਲੱਗਣਾ ਏ ।
ਜਿਹਨੂੰ ਦੁੱਖ ਤੇ ਭੁੱਖ ਦੀ ਮਾਰ ਆ, ਓਹਨਾਂ ਕੀ ਲਗਣਾ ਏ ।

ਸੰਗਤ ਵਿਚ ਬਹਿਣ ਦਾ ਫਲ ਏ ਆ ਕੇ ਚਰਨਾਂ ਦਾ ਪ੍ਰੇਮ ਕਰੇ ।
ਜਿਹਨੇ ਵੇਖਕੇ ਪਿਛਾਂ ਹਟ ਜਾਣਾ ਓਹ ਕਿਸ ਤਰਾਂ ਬਹੇ ।

ਜਿਹੜੇ ਬਚਨ ਚੰਗੇ ਨਹੀਂ ਲਗਦੇ ਓਹ ਸਾਨੂੰ ਦੱਸ ਦਿਆ ਕਰੋ ।
ਸਾਡੇ ਭਗਤਾਂ ਦੀ ਚਾਲ ਨਿਰਾਲੀ,
ਜੁਗੋ ਜੁਗ ਭਗਤਾਂ ਨੂੰ ਮਾਣ ਦੇਂਦੇ ਰਹੇ ਹਾਂ,
ਤੁਹਾਡੀ ਉਸਤਤ ਜੁਗਾਂ ਪਰਮਾਣ ਹੋਵੇਗੀ ।

ਏਹਨਾਂ ਅਮਲੀਆ ਮਸਤਾਨਿਆਂ ਕੀ ਕਰਨੀ ਆ,
ਜਿਹਨਾਂ ਨੂੰ ਆਪਣੇ ਆਪ ਦਾ ਪਤਾ ਨਹੀਂ ।

ਤੁਹਾਡੇ ਨਾਲ ਅਮਲੀਆ ਕਿੰਨਾਂ ਚਿਰ ਰਹੇ ਹਾਂ
ਜੇ ਕੋਈ ਸਾਡੀ ਗਲਤੀ ਹੋਵੇ ਤੇ ਦੱਸ ਦਿਆ ਕਰੋ ।

ਜੇਹੜਾ ਸਾਡਾ ਬਚਨ ਮੋੜਿਆ ਸੂਰਤ ਨੇ,
ਅਮਲੀਆ ਵੜੇ ਅਸੀਂ ਊਣੇ ਹੋ ਗਏ ਹਾਂ
ਊਣ ਦਿਲ ਤੋਂ ਨਹੀਂ ਭੁੱਲਣੀ ।

ਵੜਾ ਸਾਡਾ ਸਿਖ ਸੀ ਬਲਵੰਤ ਸਿੰਘ,
ਅਮਲੀਆ, ਪਾਲ ਸਿੰਘ ਵਾਂਗੂੰ ਬੱਧਾ ਪ੍ਰੇਮ ਦਾ ਈ ਮਰ ਗਿਆ ਜੇ,
ਕਈ ਪਾਸੇ ਮਾਰੇ ਗਏ
ਅਮਲੀਆ ਅਸਾਂ ਤੁਹਾਡੇ ਕੋਲ ਪਹੁੰਚ ਜਾਣਾ ਸੀ ।

ਈਸ਼ਰ ਦਾ ਪ੍ਰਤਾਪ ਹੋਵੇ ਤੇ ਦੁਨੀਆ ਦਾ ਨਾਸ ਨਹੀਂ ਨਾ ਹੁੰਦਾ ।

ਪ੍ਰੀਤੇ ਨੂੰ ਅਸਾਂ ੧੫ ਦਿਨ ਅਗਦੀ ਦੱਸਿਆ, ਭੱਜ ਚਲੋ,
ਹੁਣ ਫੇਰ ਅਸਾਂ ਓਥੇ ਦਇਆ ਕੀਤੀ ਤੇ
ਬੇਬੇ ਰਣਜੀਤ ਕੌਰ ਤੋਂ ਚਿਠੀ ਲਖਵਾਈ ਫੇਰ ਪਹੁੰਚੀ ਨਹੀਂ

ਅਮਲੀਆ ਦੁਨੀਆ ਘਰ ਨਹੀਂ ਛੱਡਦੀ,
ਓਹੋ ਘਰ ਡਰੌਣੇ ਬਣੇ ਪਏ ਈ ।

ਸੰਗਤ ਦੇ ਔਣ ਦਾ ਭਾਵ ਏ ਜੇ
ਕੋਈ ਸੇਵਾ ਹੱਥਾਂ ਦੀ ਕੋਈ ਮਾਇਆ ਦੀ ਕਰ ਜਾਂਦਾ ਜੇ,

ਅਮਲੀਆ ਜੇਹੜਾ ਗੁਣੀ ਨਿਧਾਨ ਜੇ
ਘਰ ਆਣਕੇ ਚੰਗੇ ਵੀ ਲਿਖ ਜਾਂਦਾ ਜੇ ਤੇ ਲਿਖੇ ਵੀ ਲੈ ਜਾਂਦਾ ਜੇ ।
ਮਾਣ ਨਹੀਂ ਰਹਿਣ ਦੇਂਦਾ ।

ਤੁਸੀਂ ਓਸ ਵੇਲੇ ਗੰਜਿਆ ਦਰਬਾਰ ਦੇ ਰਜਪੂਤ ਸੋ
ਤੇਰੇ ਵਿਚ ਗੰਜਿਆ ਗੁਣ ਵੀ ਵੜੇ ਨੇ ਉਪਦੇਸ਼ ਵੀ ਆ,
ਤੇ ਫੇਰ ਵੀ ਨਾਰਦ ਵਾਂਗੂੰ ਧੁਰਲੀ ਮਾਰ ਜਾਨਾ ਏ ।

ਜਿਨਾਂ ਨੂੰ ਅਮਲੀਆ ਨਹੀਂ ਲੱਭਦੇ ਤਰਸਦੇ ਨੇ ।
ਨਾਮੇ ਦੋਹਰਾ ਫੇਰਿਆ ਸੀ
ਹੁਣ ਫੇਰ ਵੇਖਿਓ ਕਿਸ ਤਰਾਂ ਦੋਹਰਾ ਫਿਰਦਾ ਏ ।
ਨਾਮਾ ਲੋਕਾਂ ਨੂੰ ਦਾਤਾਂ ਵੰਡਦਾ ਸੀ ਤੇ ਆਪਣੇ ਘਰ ਪੁੱਤ ਨਹੀਂ ਸੀ ।
ਈਸ਼ਰ ਪੁੱਤਰ ਬਣਕੇ ਗਿਆ,
ਆਖਣ ਲੱਗੇ ਬੇਬੇ ਜੋ ਦਏਂਗੀ ਸੋ ਖਾਲਾਂਗੇ
ਤੇ ਸਾਡੀ ਨਿੰਦਿਆ ਨਾ ਕਰੀਂ ।
ਜਿੰਨਾਂ ਪ੍ਰਸ਼ਾਦ ਦੇਵੇ ਓਨਾ ਛਕ ਲੈਣ ।
ਇਕ ਦਿਨ ਅੱਕ ਕੇ ਆਂਦੀ ਆ ਅੱਜ ਰਜਾਵਾਂਗੇ
ਕਿੰਨਾ ਕ ਖਾ ਲੈਣਗੇ ।
ਤੇ ਏਨੀ ਨਿੰਦਿਆ ਸੁਣਕੇ ਤੇ ਮਾਰ ਕੇ ਉਡਾਰੀ ਔ ਗਏ ।

ਜਿਸ ਤਰਾਂ ਰਾਤੀ ਬੇਬੇ ਨੇ ਆਖਿਆ
ਪਾਤਸ਼ਾਹ ਸਾਡੇ ਕੋਠੇ ਢੱਠੇ ਪਏ ਨੇ,
ਬੇਬੇ ਨੇ ਨਾਮ ਦੇਵ ਦੀ ਛੱਪਰੀ ਵਾਲਾ ਸ਼ਬਦ ਸੁਣਿਆ ਹੋਣਾ ।
ਅਮਲੀਆ ਏਸ ਤਰਾਂ ਸੁੱਟਣ ਵਾਲੀ ਚੀਜ ਹੋਵੇ ਤੇ
ਸਾਨੂੰ ਲੋਕੀ ਚੂੰਡੀਆਂ ਵਿਚ ਈ ਲੈ ਜਾਣ ।

ਬਚਨ ਸਾਡਾ ਯਾਦ ਰੱਖਿਓ
ਸੰਗਤ ਦੇ ਵਿਚ ਇਕ ਦੂਜੇ ਦੇ ਥਾਂ ਬੇਨਤੀ ਨਾ ਕਰਿਆ ਕਰੋ ।
ਆਖਿਆ ਓਨਾਂ ਨਾ ਮੰਨਿਆ ਤੇ ਫੜੇ ਤੁਸਾਂ ਜਾਣਾ ਜੇ ।

ਕਈ ਐਸੀਆਂ ਮਾਈਆਂ ਦੀਆਂ ਬੇਨਤੀਆਂ ਹੁੰਦੀਆਂ
ਅਸੀਂ ਸੰਗਤ ਵਿਚ ਦੱਸ ਨਹੀਂ ਸਕਦੇ
ਸਾਡੇ ਚਰਨਾਂ ਵਿਚ ਆ ਜਾਣ ਤੇ ਅਸੀਂ ਆਪੇ ਸਮਝ ਜਾਨੇ ਆ ।

ਬੇਬੇ ਸੰਤੋ ਕੀ ਆਂਦੀ ਏ,
ਬੇਬੇ, ਮਰਦਾ ਮਰਦਾ ਸਾਰਾ ਜਗ ਮਰ ਜਾਂਦਾ ਏ
ਜੇ ਐਸੀ ਮਰਨੀ ਮਰੀਏ ਫੇਰ ਮਰਨਾ ਨਾ ਹੋਵੇ ।

*ਸੰਤਰੇ ਵਿਚ ਪਾਤਸ਼ਾਹ ਕੀ ਕਾਰਨ ਸੀ ।*
ਇਹ ਮੋਤਿਆ ਅਸਾਂ ਵੱਡੇ ਤੋਂ ਵੱਡੇ ਸੂਰ ਮਰਵਾਏ ਨੇ ।
ਏਹਦੇ ਵਿਚ ਜਿੰਨੀਆਂ ਫਾੜੀਆਂ ਨੇ ਏਨੇ ਰਾਜੇ ਬੰਨਕੇ ਲਿਔਣੇ ਨੇ,
ਏਸੇ ਤਰਾਂ ਭੰਨਕੇ ਲਿਔਣੇ ਨੇ ।

ਗੰਜਿਆ ਚੇਤਾ ਈ
ਅਸਾਂ ਕਿਸ ਤਰਾਂ ਬਾਰ ਵਿਚ ਲਾਲ ਮੂੰਹ ਵਾਲਾ ਆੜੂ ਭੰਨਿਆ ਸੀ,

ਮੋਤਿਆ ਜਿਨਾਂ ਨੂੰ ਸਗੋ ਪਤਾ ਹੁੰਦਾ
ਓ ਦੱਸਦੇ ਨਹੀ ਚੁੱਪ ਰਹਿਦੇ ਨੇ ।
ਲੋਕਾਂ ਨਾਲੋਂ ਜਿਆਦਾ ਭੱਜ ਭੱਜ ਕੇ ਕੰਮ ਕਰਦੇ ਨੇ,
ਓਹਲਾ ਜੋ ਰੱਖਣਾ ਹੋਇਆ ।

ਜਦੋਂ ਵੇਲਾ ਆਇਆ ਅਸਾਂ ਚੀਜਾਂ ਵਲ ਥੋੜਾ ਵੇਖਣਾ ਏ ।

ਸਵੇਰੇ ਇਸ਼ਨਾਨ ਕਰਕੇ ਸਾਡੇ ਪਲੰਘ ਥੱਲੇ ਸੇਵਾ ਕਰਿਓ ਜੇ,
ਦੇਹ ਸਾਫ ਹੋ ਜੂ ।

ਵੇਖੋ ਨਾ ਜੇਹੜੀ ਸੰਗਤ ਆਈ ਕੀ ਲਾਭ ਖੱਟਿਆ ਨੇ,
ਸਾਡੇ ਨਾਂ ਨੂੰ ਸਰਵਣ ਕੀਤਾ ਤੇ ਜਨਮ ਸੁਫਲਾ ਕੀਤਾ
ਤੇ ਫੇਰ ਵੀ ਸਾਨੂੰ ਛੱਡ ਛੱਡ ਕੁਸੰਗੀਆਂ ਵਲ ਭੱਜਦੇ ਨੇ ।

ਗੰਜਿਆ ਤੁਹਾਨੂੰ ਪਤਾ ਏ
ਨਾ ਲੱਭੀਏ ਤੇ ਸਾਡੇ ਚਰਨਾਂ ਵਿਚ ਖਲੋ ਕੇ ਲੱਭ ਲਿਆ ਕਰੋ ।

ਅੱਜ ਮੋਤਾ ਨਾ ਏਥੇ ਹੁੰਦਾ ਤੇ ਵੇਂਦਿਓ
ਕਿਸ ਤਰਾਂ ਡੰਡੇ ਨਾਲ ਉਡੋਂਦੇ ਸਾ, ਪੁੱਠੇ ਕਰ ਕਰ ਮਾਰਨੇ ਸੀ ।

ਅਸੀਂ ਐਡੀ ਛੇਤੀ ਤੁਹਾਨੂੰ ਦਰਸ਼ਨ ਦੇਂਦੇ ਹਾਂ ਸਿਰ ਤੇ ਛਾਂ ਰੱਖਣ ਵਾਸਤੇ ।

ਅੱਗੇ ਅਸੀਂ ਜਿਹਨੂੰ ਫੜਦੇ ਛੱਡ ਦੇਂਦੇ ਸਾਂ,
ਹੁਣ ਕਿਸੇ ਸਿਖ ਨੂੰ ਫੜਿਆ ਤੇ ਛਡਾਂਗੇ ਨਾ ।

ਅਮਲੀਆ ਐਡੀ ਛੇਤੀ ਆਈਏ ਤੇ ਫੇਰ ਵੀ ਨਾ ਸਮਝੇ ।

ਮੁਕਤੀ ਨੂੰ ਪ੍ਰਾਪਤ ਕਰਨਾ ਹੋਇਆ
ਤੁਹਾਡੇ ਵਿਚ ਸਭ ਕੁਛ ਪਾਇਆ ਤੇ ਤੁਹਾਨੂੰ ਫੇਰ ਪਤਾ ਨਹੀਂ ।

ਐਨਾ ਚਰਨਾ ਦੇ ਧਿਆਨ ਤੇ ਗਿਆਨ ਦੀ ਲੋੜ ਜੇ,
ਏਨਾਂ ਚਰਨਾਂ ਦਾ ਅਮਲੀਆ ਕੋਈ ਪ੍ਰੇਮ ਕਰਕੇ ਤੇ ਵੇਖੇ,
ਕਿੰਨਾ ਰਸ ਭਰਿਆ ਏ ।

ਵੇਖਿਓ, ਏਥੇ ਇਹ ਨਾ ਆਖਿਓ ਪਤਾ ਨਹੀ ਲੱਗਦਾ ਕੀ ਕਰਦੇ ਨੇ ।
ਸਾਰਿਆਂ ਦੀ ਸਾਰ ਜੁ ਲੈਣੀ ਹੋਈ,
ਪੁਰਖਾਂ ਬਿਰਖਾਂ ਤੇ ਜੇਹੜੇ ਆਡਿਆਂ ਵਿਚ ਜੀਅ ਨੇ
ਸਾਰ ਤਾਂ ਓਨਾਂ ਦੀ ਵੀ ਲੈਣੀ ਹੋਈ ।

ਧਰਤੀ ਮਾਤਾ ਸਾਰਿਆ ਦਾ ਭਾਰ ਚੁੱਕਦੀ ਏ ਤੇ ਜਰਮ ਦੇਂਦੀ ਏ
ਅਮਲੀਆ ਚਿੰਤਾ ਨਹੀਂ ਕਰਨੀ ਚਾਹੀਦੀ ।
ਚਿੰਤਾ ਓਹ ਕਰੇ ਜਿਨ ਜਗ ਉਪਾਇਆ ਹੋਵੇ ।

ਬੇਐਬ ਈਸ਼ਰ ਹੁੰਦਾ ਜੇ, ਨਾਂ ਏਹਦਾ ਪਰਵਰਦਗਾਰ ਜੇ,
ਬਹਿਜੋ ਸਾਰੀ ਸੰਗਤ ।

ਅਮਲੀਆ ਜਿਸ ਵੇਲੇ ਆਪਣਾ ਆਪ ਸਮਝਾ ਲਈਏ
ਤੇ ਦੂਸਰੇ ਨੂੰ ਸਮਝ ਦੇਣ ਦੀ ਲੋੜ ਨਹੀਂ ਹੁੰਦੀ
ਆਪਣਾ ਆਪ ਪਛਾਨਣ ਦੀ ਲੋੜ ਹੈ ।

ਇਹਨੂੰ ਖਰੀਦਣ ਵਾਲਾ ਸਾਰਾ ਜਗ ਵਣਜਾਰਾ ਬਣਿਆ ਬੈਠਾ ਜੇ
ਸਾਡੇ ਸਾਮਣੇ ਬਹਿ ਕੇ ਕਿਸੇ ਦਾ ਨਾ ਭਲਾ ਤੱਕਿਓ ਜੇ ।

ਪੌੜੀ ਚੜ੍ਹਕੇ ਤੇ ਇਕ ਡੰਡੇ ਤੋਂ ਨਾ ਭੁੰਵਾਕੇ ਛਾਲ ਮਾਰ ਦਿਆ ਕਰੋ ।

ਅਮਲੀਆ ਤੁਹਾਡੇ ਸਾਹਮਣੇ ਚੌਹਾਂ ਵਰਨਾਂ ਨੂੰ ਉਪਦੇਸ਼ਣ ਵਾਲਾ ਬੈਠਾ ਜੇ
ਸਾਰੇ ਪ੍ਰੇਮ ਨਾਲ ਸ਼ਬਦ ਪੜ੍ਹਿਆ ਕਰੋ ।
ਆਖੋ ਕੁਛ ਨਾ ਕੁਛ ਤਾਂ ਲੈ ਕੇ ਜਾਈਏ
ਤੇ ਅਸੀਂ ਵੀ ਤੁਹਾਨੂੰ ਕੁਛ ਨਾ ਕੁਛ ਲੈ ਕੇ ਵਿਚੋਂ ਦੇਈਏ ।

ਵੇਖੋ, ਸੰਗਤ ਦੇ ਵਿਚ ਸੇਵਾ
ਭੱਜ ਭੱਜ ਕੇ ਚਾ ਨਾਲ ਕਰਨੀ ਚਾਹੀਦੀ ਏ ।

ਨੀਚ ਜੀਅ ਨਹੀਂ ਹੁੰਦਾ ਕਰਮ ਨੀਚ ਹੁੰਦਾ ਏ ।
ਸ਼ਬਦ ਪੜ੍ਹਿਆ ਰਵਦਾਸ ਦਾ,
ਕਪੜੇ ਮੈਲੇ ਸੀ ਤੇ ਚਮੜਾ ਗੰਡਦਾ ਸੀ ਤੇ
ਵਿਚ ਨਿਰਾ ਹੀਰਾ ਲਪੇਟਿਆ ਹੋਇਆ ਸੀ ।

ਕਸੀਰਾ ਦਿਤਾ ਬਨਾਰਸੀਆਂ ਨੂੰ ।
ਕਸੀਰਾ ਨਾਂ ਕੌਡੀ ਦਾ ਜੇ ।
ਵਿਚੋਂ ਮੈਲੇ ਤੇ ਪਾਪੀ ਨੇ, ਉਤੋਂ ਤਾਂ ਹੁਣ ਨਾਂ ਲੈਂਦੇ ਨੇ
ਤੇ ਆਖਿਆ ਲਿਆ ਕਸੀਰਾ ਕੱਢ,
ਏਨੀ ਵਡਿਆਈ ਭਗਤਾਂ ਦੀ ਤੇ ਸਾਡੇ ਨਾਂ ਦੀ ਜੇ ।
ਜਿਹੜੇ ਅਸੀਂ ਤੁਹਾਡੇ ਤਿਲਾਂ ਫੁਲਾਂ ਨੂੰ ਪ੍ਰਵਾਨ ਕਰਦੇ ਆ

ਬੰਦਾ ਐਡਾ ਮਾਣ ਕਰਦਾ ਏਸ ਦੇਹ ਦਾ
ਕੰਧਾਂ ਕਰਦਾ ਤੇ ਨੀਹਾਂ ਉਸਾਰਦਾ ਏ,
ਲੱਭਦੀ ਅੰਤ ਸਮੇਂ ਸਾਢੇ ਤਿੰਨ ਹੱਥ ਧਰਤੀ ਜੇ ।

ਸਮਾਂ ਵਿਸਾਰਨ ਵਾਲਾ ਨਹੀਂ ਜੇ,
ਏਸ ਵੇਲੇ ਮਾਂ ਬੱਚੇ ਨੂੰ ਦੁੱਧ ਨਹੀਂ ਦੇਂਦੀ
ਏਥੇ ਵੇਖੋ ਤੁਹਾਡੇ ਵਾਸਤੇ ਕੀ ਬਣਨ ਡਿਆ ਏ,
ਅੰਮ੍ਰਿਤ ਬਣਦਾ ਏ ।

ਮਾਸ਼ਟਰ ਕਿਥੇ ਆ ।

ਗੰਜਿਆ ਬੇਰ ਸਵੇਰੇ ਵੰਡ ਦਿਤੇ ਨੇ
ਤੇ ਸ਼ਬਦ ਦਾ ਚੇਤਾ ਹੁਣ ਆਇਆ ਈ ।
ਸਾਨੂੰ ਝੂਠਿਆ ਨਾ ਕਰਿਆ ਕਰੋ ।

ਭੀਲਣੀ ਵੜੀ ਨੀਵੀ ਜਾਤ ਸੀ ਬੁੱਧ ਬਲ ਤੋਂ ਹੀਣੀ ਸੀ ।
ਓਹਦੇ ਹੱਥਾਂ ਦੇ ਅਸਾਂ ਬੇਰ ਵੀ ਖਾਦੇ ਤੇ ਜਲ ਵੀ ਪੀਤਾ ਸੀ ।

ਏਸ ਕਲਜੁਗ ਵਿਚ ਅਸੀਂ ਤੁਹਾਡੇ ਪ੍ਰੇਮ ਨਾਲ ਆ ਰਹੇ ਹਾ ।

ਗਨਕਾ ਪਾਪਣ ਸੀ ਤੇ ਪਾਪਾਂ ਦਾ ਗਲ ਹਾਰ ਪ੍ਰੋਤਾ ਸੀ ।
ਮਾਹਪੁਰਖ ਅਚਾਨਕ ਆ ਖਲੋਤਾ ।
ਜਿਸ ਤਰਾਂ ਸਾਨੂੰ ਤੇ ਤੁਹਾਨੂੰ ਮਖੌਲ ਕਰਦੇ ਨੇ
ਏਸੇ ਤਰਾਂ ਮਖੌਲ ਨਾਲ ਘੱਲਿਆ ਸੀ ।
ਤੇ ਗਨਕਾ ਨੇ ਤੋਤੇ ਤੋਂ ਪਾਈ ।
ਤੋਤੇ ਨੂੰ ਸਾਡੇ ਨਾਂ ਦਾ ਉਪਦੇਸ਼ ਸੀ,
ਏਸੇ ਕਰਕੇ ਅਸੀਂ ਤੁਹਾਨੂੰ ਆਪਣਾ ਨਾਂ ਜਪੌਨੇ ਆਂ ।

ਅਜਾਮਲ ਪਾਪੀ ਵੀ ਤਰ ਗਿਆ ਸੀ ।
ਤੁਹਾਨੂੰ ਮੰਨਣਾ ਚਾਹੀਦਾ ਕਿ ਅਸੀਂ ਜੇਹੜੇ ਦਰਸ਼ਨ ਕਰਦੇ ਆਂ
ਤੇ ਚਰਨਾਂ ਵਿਚ ਬਹਿਨੇ ਆਂ ਅਸੀਂ ਕਿਸ ਤਰਾਂ ਰਹਿਜਾਂ ਗੇ ।

ਜੀਵ ਆਪਣੀ ਮਾਂ ਦਾ ਮਾਣ ਕਰਦਾ ਏ
ਜੇਹੜੀ ਨੌ ਮਹੀਨੇ ਚੁਕਦੀ ਆ ।
ਧਰਤੀ ਜੇਹੜੀ ਸਦਾ ਵਾਸਤੇ ਚੱਕਦੀ ਆ ਓਹਦਾ ਗੁਣ ਨਹੀਂ ਪੌਦਾ ।

ਸਤਿਜੁਗ ਦੀ ਬਦੀ ਅਹਿਲਿਆ ਤ੍ਰੇਤੇ ਜੁਗ ਵਿਚ ਛੱਡੀ ਸੀ,
ਇੰਦਰ ਦੇਵਤਿਆਂ ਦਾ ਰਾਜਾ ਸੀ
ਤੇ ਮੁੜਕੇ ਜਾਏ ਨਾ ਓਦਰ ਨੂੰ ਸ਼ਰਮਿੰਦਾ ਹੋਇਆ ।
ਇੰਦਰ ਲਬਾਣਾ ਚੰਦ ਨੂੰ ਦਾਗ ਜੋ ਲਗ ਗਿਆ ।
ਢਹਿ ਕੇ ਚਰਨਾਂ ਵਿਚ ਪੈ ਗਈ
ਵੇਲਾ ਸੀ ਸਤਿਜੁਗ ਦਾ
ਜਿਨਾਂ ਕੋਈ ਕਰਮ ਕਰਦਾ ਸੀ ਓਨਾਂ ਮਿਲਦਾ ਸੀ ।
ਸਤਾਰਾਂ ਲੱਖ ਸਤਿਜੁਗ ਦੀ ਆਰਜਾ ਸੀ
ਕਿਸ ਤਰਾਂ ਤੁਸੀ ਆਂਦੇ ਜੇ
ਪਾਤਸ਼ਾਹ ਅਸੀਂ ਐਨੇ ਦਿਨ ਨਹੀਂ ਕੱਢ ਸਕਦੇ ।
ਏਨਾ ਚਰਨਾਂ ਨਾਲ ਛੋਹ ਕੇ ਚਲੀ ਵਿਚ ਬਿਬਾਣਾ ।
ਏਨਾ ਸਾਡੇ ਚਰਨਾਂ ਵਿਚ ਐਨਾਂ ਬਲ ਜੇ ।
ਅਮਲੀਆ ਏ ਓ ਚੀਜ ਆ
ਜੇਹੜੀ ਘੜੀ ਨਾ ਮਿਲਦੇ ਤਾਂ ਕਲਜੁਗ ਹੋਤਾ
ਤੇ ਹੁਣ ਜਿਨ੍ਹਾਂ ਨੂੰ ਨੀਦ ਨੇ ਜੋਰ ਪਾਇਆ ਏ ।

ਅਮਲੀਆ ਏ ਤਾਂ ਕੁਛ ਵੀ ਨਾ ਹੋਈ ਚੰਦ ਚਕੋਰ ਪ੍ਰੀਤ ।
ਜੇਹੜਾ ਲੁਕਣ ਤੇ ਛਿਪਣ ਵਾਲਾ
ਮੱਸਿਆ ਵਾਲੇ ਦਿਨ ਆਪਣਾ ਮੂੰਹ ਵੀ ਨਹੀਂ ਵਖਾ ਸਕਦਾ ।
ਸਚ ਦਾ ਚੰਦਰਮਾ ਆ ਬੈਠਾ ਜੇ

ਦਇਆ ਏਦੂੰ ਹੋਰ ਕਿੰਨੀ ਕੁ ਹੋਣੀ ਹੋਈ ।
ਦਰਸ਼ਨ ਜਿੰਨੇ ਸਾਰੇ ਬੰਸ ਨੂੰ ਮਹਿੰਗੇ ਨੇ
ਓਨੇ ਸੌਖੇ ਰਾਹ ਬਣ ਜਾਣਗੇ ।

ਤਾਕਤਾਂ ਦੀ ਕੀ ਗਲ ਹੋਈ
ਜਦੋਂ ਵਿਚ ਬੈਠੇ ਕਾਰਾਂ ਭੁਗਤੌਣ ਡਏ ਆਂ ।

ਚਿੰਤਾ ਹੁੰਦੀ ਨਾ ਮੁਰਾਦ ਏ ।
ਹੱਡਾਂ ਦਾ ਬਾਲਣ ਬਣਾਕੇ ਸਾੜ ਦੇਂਦੀ ਆ ।

ਬੇਬੇ ਤੇਰੇ ਦੋਸ਼ ਵਿਚ ਨਹੀਂ ਗਿਆ
ਬਾਬੇ ਹੋਰਾਂ ਆਪਣੀ ਹੱਥੀਂ ਐਦਰ ਦਾ ਇਓ ਫੜਾ ਦਿਤਾ ਜੇ ।
ਹੁਣ ਇਕ ਮੰਗਦੇ ਜੇ ਕਿ ਦੋ
ਔਖੇ ਤਾਂ ਹੁੰਦੇ ਜੇ,
ਪਰ ਸੁੱਤਿਆਂ ਨੂੰ ਆ ਚੀਜਾਂ ਤਾ ਨਹੀ ਨਾ ਲੱਭਣੀਆਂ ।

ਅਸੀਂ ਤਾਂ ਰਸਨਾ ਵਿਚੋ ਕਰੜਾ ਬਚਨ ਨਹੀਂ ਕੱਢਣਾ ਚਾਹੁੰਦੇ ।

ਅਮਲੀਆ ਏ ਥੋੜੀ ਗਲ ਨਹੀਂ ਨਾ ਸਾਡੀ ਦੇਹ ਨਾ ਕੁਛ,
ਜੋਤ ਰੂਪੀ ਆਣ ਕੇ ਸੰਗਤ ਵਿਚ ਬੈਠੇ ਆ ।
ਸੰਸਾਰ ਵਿਚੋਂ ਜਾ ਕੇ ਕੋਈ ਨਹੀਂ ਮੁੜਿਆ ।

ਗੁਰੂ ਸਦਾ ਵਾਸਤੇ ਦੇਹ ਕਰਕੇ ਦੁੱਖ ਈ ਭੋਗਦਾ ਏ ।
ਰਾਮ ਦੇ ਵੇਲੇ ਥੋੜੇ ਕਸ਼ਟ ਝੱਲੇ ਸੀ ।

ਸਾਡੇ ਬਿਨਾਂ ਚੌਹਾਂ ਜੁਗਾਂ ਦੇ ਬਚਨ ਕੋਈ ਨਹੀ ਦੱਸ ਸਕਦਾ ।
ਈਸ਼ਰ ਵਿਚ ਸਮਰਥਿਆ ਵੜੀ ਹੁੰਦੀ ਆ ।

ਈਸ਼ਰ ਨੂੰ ਦੁਆਪਰ ਦੇ ਵੇਲੇ ਵੀ ਦੁਨੀਆ ਨਹੀ ਸੀ ਮੰਨਦੀ ।
ਇਕ ਭਗਤ ਨੂੰ ਗਿਆਨ ਦੇਣ ਵਾਸਤੇ
ਗੀਤਾ ਦੇ ਕਿੰਨੇ ਧਿਆ ਪ੍ਰਗਟ ਕੀਤੇ ਸੀ ।

ਏਥੇ ਆ ਕੇ ਤੇ ਅਮਲੀਆ ਕੋਈ ਦੂਜੀ ਗਲ ਨਾ ਹੋਣੀ ਹੋਈ ।
ਈਸ਼ਰ ਦੇ ਦਰ ਤੇ ਆਣਕੇ ਭਗਤ ਈ ਸੋਹਿੰਦੇ ਨੇ ।

ਜਿਨ ਆਪਣੇ ਆਤਮੇ ਵਿਚੋਂ ਰਾਮ ਨਹੀਂ ਪਛਾਣਿਆ
ਓਨ ਹੋਰ ਕਿਥੇ ਲੱਭਣਾ ਹੋਇਆ ।

ਜਿੰਨੀਆਂ ਚੀਜਾਂ ਨੇ ਦਿਸਣ ਵਾਲੀਆਂ
ਸਾਰੀਆਂ ਏਸੇ ਦੀਆਂ ਵਗਾਰਾਂ ਕੱਟਦੀਆਂ ਨੇ ।
ਈਸ਼ਰ ਦੀ ਅਟਲ ਪਦਵੀ ਜੇ, ਈਸ਼ਰ ਨੂੰ ਜੋਤ ਦਾ ਅਧਾਰ ਜੇ ।
ਜੋਤ ਐਸੀ ਚੀਜ ਆ ਜੇਹੜੀ ਬੁਝਦੀ ਨਹੀਂ ।

ਜਿੰਨਾਂ ਪਾਪੀ ਝੂਠਾ ਹੋਵੇ ਨ ਤੇ ਬਾਹਰ ਭੱਜਾ ਫਿਰੇ
ਤੇ ਭੋਗ ਭੋਗਣਾ ਕੀਤੇ ਦਾ ਜਰੂਰ ਪੈਂਦਾ ਏ ।
ਏਸ ਦਰ ਤੇ ਆ ਜੇ ਤੇ ਬਖਸ਼ਿਆ ਜਾਂਦਾ ਏ ।
ਅਸੀਂ ਸ਼ਪਸ਼ਟ ਬਚਨ ਏਸੇ ਕਰਕੇ ਕਰਦੇ ਆਂ,
ਹੋਰ ਕਿਸੇ ਭੇਤ ਵਿਚ ਆਈਏ ਤੇ ਸਿਖਾਂ ਨੂੰ ਸਮਝ ਨਹੀਂ ਔਂਦੀ ।

ਨਾਮਦੇਵ ਨੇ ਈਸ਼ਰ ਨੂੰ ਜਿੰਨਾਂ ਗਾਇਆ ਨ ਓਸ ਵੇਲੇ
ਅਸੀਂ ਦੱਸ ਨਹੀਂ ਸਕਦੇ ।
ਸਹੰਸ ਕਿਰਤੀ ਵਿਚ ਤੁਹਾਨੂੰ ਦੱਸੀਏ ਤੇ ਸਮਝ ਨਹੀਂ ਔਂਦੀ ।

ਸਾਧ ਸੰਗਤ ਆਈ ਤੇ ਹਰੀ ਦਾ ਨਾਂ ਜਪਦੇ ਰਹੇ ਮਸਤੀ ਵਿਚ,
ਪਹੁੰਚ ਨਾ ਸਕਿਆ, ਲੱਜਿਆ ਤਾਂ ਰੱਖਣੀ ਸੀ ਨਾ ।
ਸਾਡੇ ਭਗਤਾਂ ਬਦਲੇ ਸੇਵਾ ਛੱਡਕੇ ਬਹਿ ਗਿਆ ।
ਸੈਨ ਦਾ ਰੂਪ ਧਾਰਕੇ ਓਹਦੇ ਘਰ ਚਲਿਆ ਗਿਆ
ਤੇ ਜਾ ਕੇ ਪ੍ਰੇਮ ਨਾਲ ਰੁਗੇ ਛਕਾਏ ।
ਐਸ ਤਰਾਂ ਭਗਤਾਂ ਦੀ ਵਡਿਆਈ ਤੇ ਲੱਜਿਆ ਰੱਖਦਾ
ਤੇ ਏਸੇ ਤਰਾਂ ਭਗਤਾਂ ਦੇ ਸੰਕਟ ਕੱਟਦਾ ਜੇ ।

ਗਰੜ ਦੀ ਸਵਾਰੀ ਕਰਕੇ ਈਸ਼ਰ ਚਲਿਆ ਜਾਂਦਾ ਸੀ
ਇਕ ਮਨ ਹੋ ਕੇ ਕੋਈ ਸਾਨੂੰ ਧਿਆਵੇ ਤੇ ਆਈਏ ਕਿਉਂ ਨਾ ।
ਵੇਖੋ ਕਿੱਡੀ ਕਿੱਡੀ ਠੋਕਰ ਮਾਰੀ ਬਾਣੀਆਂ ਨੇ
ਜੀਅ ਫੇਰ ਨਹੀਂ ਸਮਝਦਾ ।
ਅੰਮ੍ਰਿਤ ਦੁਨੀਆ ਵਿਚ ਕਿਨ ਲਿਆਂਦਾ ਸੀ
ਅਗੇ ਮਾਤਲੋਕ ਵਿਚ ਨਹੀਂ ਸੀ ਹੁੰਦਾ ਗਰੜ ਲਿਆਇਆ ਸੀ ।
ਭਗਵਾਨ ਦੀ ਅਸਵਾਰੀ ਵਾਸਤੇ ਰੋਜ ਜਾਂਦਾ ਸੀ ।

ਦੇਵਤਿਆਂ ਨੂੰ ਪਤਾ ਲਗਾ ਕਿ
ਮਾਤਲੋਕ ਵਿਚ ਅੰਮ੍ਰਿਤ ਚਲਿਆ ਗਿਆ ਏ
ਗੰਗਾ ਤੇ ਗੋਦਾਵਰੀ ਵਿਚ ਔਂਦਿਆਂ ਔਂਦਿਆਂ ਤੁਬਕਾ ਡਿਗਾ ਸੀ
ਤੇ ਪਵਿਤਰ ਹੋ ਗਈਆਂ ਸੀ ।

ਪਾਪੀਆਂ ਵਿਚ ਤੁਸੀਂ ਵੀ ਪਾਪੀ ਨਾ ਬਣਜੋ,
ਤਰਜੋ ਜਿੰਨੀ ਵਾ ਲਗਦੀ ਜੇ ।

ਭਗਤ ਪ੍ਰਲਾਦ ਨੇ ਵੀ ਪਿਓ ਦਾ ਡਰ ਨਹੀਂ ਸੀ ਰੱਖਿਆ
ਤੇ ਓਹਦਾ ਪਿਓ ਆਂਦਾ ਸੀ ਕਿਹੜਾ ਤੇਰਾ ਉਸਤਾਦ ਆ ।

ਪੂਰਾ ਸਾਡਾ ਪ੍ਰਤਾਪ ਜਦੋਂ ਹੁੰਦਾ ਨ ਓਦੋਂ ਸਾਡੇ ਨਾਂ ਦੀ ਜੈ ਬੋਲਦੀ ਆ ।
ਕ੍ਰਿਸ਼ਨ ਦੇ ਵੇਲੇ ਤੇ ਰਾਮਚੰਦ ਦੇ ਵੇਲੇ ਵੀ ਸਾਡੇ ਨਾਂ ਦੀ ਜੈ ਬੋਲਦੀ ਸੀ ।
ਜਦੋਂ ਦੇ ਜੋਤ ਰੂਪ ਹੋਏ ਆ ਜੈ ਬੁਲਵਾਤੀ ਆ ।

ਅੱਗੇ ਕ੍ਰਿਸ਼ਨ ਨੇ ਮੈਂ ਅਖਵਾਈ ਸੀ
ਅੱਗ ਮੂੰਹ ਵਿਚੋਂ ਕੱਢ ਕੇ ਵਖਾਈ ਸੀ,
ਨਹੀਂ ਤੇ ਦਸਾਂ ਪਾਤਸ਼ਾਹੀਆਂ ਨੇ ਮੈਂ ਨਹੀਂ ਅਖਵਾਈ ।

ਕਲਜੁਗ ਦੇ ਵਿਚ ਅਸੀਂ ਹੋਈਏ ਤੇ ਅਮਲੀਆ ਸਿਖਾਂ ਦਾ ਪ੍ਰੇਮ ਹੋਵੇ
ਨਹੀਂ ਤੇ ਕਲਜੁਗ ਵਿਚ ਕੋਈ ਠਹਿਰਦਾ ਨਹੀਂ ।

ਜੇਹੜਾ ਬਚਨ ਝੂਠਾ ਕਰਦੇ ਨੇ ਆਪਣੀ ਰਸਨਾ ਦਾ ਸਵਾਦ ਲੈਂਦੇ ਨੇ ।
ਅਸੀਂ ਬਚਨ ਕਰਦੇ ਆਂ,
ਜੇ ਸਾਡੇ ਝੂਠੇ ਬਚਨ ਹੋਣ ਤੇ ਸਾਨੂੰ ਕੋਈ ਪ੍ਰਤਾਵੇ ।
ਗੋਝ ਗਿਆਨ ਦਾ ਪਤਾ ਏਥੇ ਲਗਦਾ ਏ ।
ਪੂਰੀ ਤਾਕਤ ਸਾਡੇ ਵਿਚ ਨਾ ਹੋਵੇ ਤੇ ਅਸੀਂ ਪਲੰਘ ਤੇ ਕਿਉਂ ਬਹਿਈਏ ।

ਦੁਨੀਆ ਜਗ ਨੂੰ ਝੂਠਾ ਮੰਨਦੀ ਆ ਤੇ ਅਸੀਂ ਵੀ ਝੂਠਾ ਆਨੇਂ ਆਂ,
ਪਰ ਜਗ ਸਚ ਦੀ ਕੋਠੜੀ ਜੇ ।

ਜਾਮਾ ਤਾਂ ਜੀਆਂ ਵਾਸਤੇ ਔਖਾ ਏ
ਈਸ਼ਰ ਵਾਸਤੇ ਤਾਂ ਏਨਾ ਜਾਮਾ ਬਦਲਣਾ
ਕਿ ਇਕ ਚਰਨ ਚੁੱਕ ਕੇ ਤੇ ਦੂਜਾ ਰੱਖ ਦੇਣਾ ।

ਏਨੀ ਵਡਿਆਈ ਜੇ ਦਰਬਾਰ ਦੀ

ਈਸ਼ਰ ਦਾ ਦਰਬਾਰ ਇਹੋ ਜਿਹਾ ਹੁੰਦਾ ਏ
ਜਿਥੇ ਸਾਰੇ ਉਧਰ ਜਾਂਦੇ ਨੇ ।
ਕਈ ਕੁਕਰਮ ਕਰਕੇ ਵਿਛੜ ਜਾਂਦੇ ਨੇ ।
ਕਲਜੁਗ ਰਬ ਅਗਨ ਦਾ ਜੋ ਹੋਇਆ ।

ਸਥਿਰ ਰਹਿਣ ਵਾਲੀ ਚੀਜ ਏਹੋ ਆ
ਅਮਲੀਆ ਹੋਰ ਕੂੜ ਦਾ ਪਸਾਰਾ ਜੇ ।

ਮਾਂ ਪੁੱਤ ਨੂੰ ਵਿਛੋੜਾ ਦੇਂਦੀ ਤੇ ਈਸ਼ਰ ਭਗਤਾਂ ਨੂੰ ਨਹੀਂ ਜੇ ਵਿਛੋੜਦਾ,
ਜੁਗਾਂ ਜੁਗੰਤਰ ਭਗਤਾਂ ਦੀ ਲੱਜਿਆ ਰੱਖਦਾ ।

ਤੇ ਧਕੇ ਤਾਂ ਅਮਲੀਆ ਸਾਨੂੰ ਵੀ ਵੱਜਦੇ ਰਹੇ ਨੇ
ਪਾਤਸ਼ਾਹ ਆਖਕੇ ਕੇ ਲੋਕੀ ਗਾਲਾਂ ਕੱਡਦੇ ਸੀ ।

ਤਿੰਨ ਸਾਲ ਹੋ ਗਏ ਨੇ ਸਾਨੂੰ ਬਚਨ ਕੱਢੇ ਨੂੰ
ਕਿ ਪਹਿਲੀ ਸੌਣ ਨੂੰ ਵੇਖਿਓ ਕੀ ਬਣਦਾ ਏ ।

ਕੋਈ ਸਾਡੇ ਸਾਮਣੇ ਬਚਨ ਤਾਂ ਕਰਕੇ ਵਖਾਵੇ ।

ਸਿਖੀ ਅਮਲੀਆ ਓਹ ਹੁੰਦੀ ਆ ਜੇਹੜੀ ਸਿਖਿਆ ਲਵੇ ।

ਦੁੱਧ ਤੇ ਪੁੱਤ ਦੀਆਂ ਦਾਤਾਂ ਵੀ ਏਥੋਂ ਮਿਲਨੀਆਂ ਹੋਈਆਂ
ਬੈਕੁੰਠ ਧਾਮ ਵੀ ਏਥੋਂ ਲੱਭਣਾ ਜੇ ।

ਦਸਵੇਂ ਪਾਤਸ਼ਾਹ ਮਾਛੀਵਾੜੇ ਜੰਗਲ ਵਿਚ ਬੈਠੇ ਸੀ
ਲੋਕੀ ਆਂਦੇ ਸੀ ਆਪਣੇ ਬੱਚਿਆਂ ਤੇ ਸਹਾਇਤਾ ਨਹੀਂ ਕੀਤੀ
ਤੇ ਸਾਡੇ ਤੇ ਕੀ ਕਰਨਗੇ ।
ਅਮਲੀਆ ਲੋਕੀ ਤਾਨੇ ਮਾਰਦੇ ਸੀ
ਤੇ ਓਹ ਫੇਰ ਵੀ ਬੈਠੇ ਸਾਨੂੰ ਹੀ ਯਾਦ ਕਰਦੇ ਸੀ ।
ਸਾਨੂੰ ਜਿਹੜਾ ਯਾਦ ਕਰੇ ਅਮਲੀਆ
ਅਸਾਂ ਤਾਂ ਓਹਨੂੰ ਭਾਲ ਕੇ ਲੱਭਣਾ ਹੋਇਆ ।
ਫੇਰ ਵੀ ਪੌਣ ਤੇ ਜਾਨਵਰਾਂ ਹੱਥ ਸੁਨੇਹੇ ਘੱਲਦੇ ਸੀ
ਪੈਰਾਂ ਤੇ ਛਾਲੇ ਪਏ ਸੀ
ਤੇ ਉਚੀ ਬੋਲਕੇ ਆਂਦੇ ਸੀ
ਮਿਤਰ ਪਿਆਰੇ ਨੂੰ ਸਾਡਾ ਹਾਲ ਮੁਰੀਦਾ ਦਾ ਕਹਿਣਾ ।
ਫੇਰ ਵੀ ਮੁਰੀਦ ਈਸ਼ਰ ਦੇ ਨਾਂ ਦਾ ਬਣੇ ਬੈਠੇ ਸੀ ।

ਸ਼ਬਦ ਪੜ੍ਹੋ
ਜਾਂਦੀ ਏ ਮੇਰੀ ਕ੍ਰਿਸ਼ਨ ਬਿਨਾ ਪਤ ।

ਲੋੜ ਸਮੇਂ ਨਾਲ ਆਣਕੇ ਪੈਂਦੀ ਆ
ਲੋੜ ਤਾਂ ਸਦਾ ਓਹਨਾਂ ਨੂੰ ਹੁੰਦੀ ਆ ਜਿਨਾਂ ਨੂੰ ਦਰ ਦਾ ਚਾਅ ਹੋਵੇ ।

ਦਰੋਪਤੀ ਦੇ ਕੋਲ ਪੰਜ ਸੀ ਤੇ ਪੰਜੇ ਬੈਠੇ ਵੇਂਹਦੇ ਸੀ ।
ਸਭਾ ਦੇ ਵਿਚ ਚੀਰ ਲਹਿ ਜਾਣੇ ਥੋੜੀ ਗਲ ਨਹੀਂ ।
ਮਾਣ ਕਰਕੇ ਕਰਦਾ ਸੀ
ਇਹ ਨਹੀ ਸੀ ਓਹਨੂੰ ਪਤਾ
ਕਿ ਸੱਚਾ ਪਾਤਸ਼ਾਹ ਵੀ ਕੋਲ ਬੈਠਾ ਏ ।
ਇਕ ਛਿਨ ਦੇ ਵਿਚ ਅੱਖੀਂ ਮੀਟ ਧਿਆਨ ਕੀਤਾ
ਤੇ ਕਪੜੇ ਦੇ ਕੋਟ ਉਸਰ ਗਏ ।

ਮਰਦਾਨੇ ਦੀ ਜਿਹੜੀ ਸਾਰੰਗੀ ਸੀ ਨਿਰਾ ਸਾਰੰਗ ਸੀ
ਨਾਨਕ ਦੇ ਨਾਮ ਵਿਚ ਨਿਰਾ ਨਿਰੰਜਨ ਸੀ ।
ਏਨਾ ਕੁਛ ਵਖੌਦੇ ਸੀ ਦੁਨੀਆ ਮੰਨਦੀ ਫੇਰ ਨਹੀਂ ਸੀ,
ਧੱਕੇ ਘਰਦੇ ਵੀ ਮਾਰਦੇ ਸੀ ।

ਜਦੋਂ ਜੀਵ ਦਾ ਅੰਤ ਸਮਾਂ ਔਦਾ ਤੇ ਫੇਰ ਪਛਤੌਂਦਾ ।
ਜਦੋਂ ਜੀਅ ਮਰ ਜਾਂਦਾ ਫੇਰ ਪੁੰਨ ਤੇ ਕਰਮ ਕਿਰਿਆ ਹੁੰਦੇ ਨੇ ।
ਆਪਣਾ ਆਪ ਸੰਭਾਲਿਆ ਨਹੀਂ ਜਾਂਦਾ,
ਤੇ ਦੂਜਿਆ ਦੀ ਗਤੀ ਕਰੌਦਾ ਫਿਰਦਾ ਏ ।

ਈਸ਼ਰ ਦਾ ਨਾਂ ਬੇੜੀ ਜੇ ।
ਜੇਹੜਾ ਚੜ੍ਹ ਜਾਂਦਾ ਏ ਪਾਰ ਲੰਘ ਜਾਂਦਾ ਜੇ ।

ਗੁਰੂ ਤੋਂ ਵਰ ਮੰਗਕੇ ਸਿਖ ਦੇ ਸਕਦਾ ।
ਸਾਧ ਸੰਗਤ ਤੋਂ ਵਰ ਮੰਗਿਆ ਤੇ ਧੀ ਜੰਮੀ,
ਆਖਣ ਪੁੱਤ ਆ, ਲੈਕੇ ਜੰਵੇ ਚੜੇ,
ਤੇ ਫੇਰ ਪੁੱਤ ਬਣਾਇਆ ਲੱਜਿਆ ਰੱਖੀ ।

ਮਨਮੁਖਾਂ ਨੂੰ ਏਨਾ ਹੀਣਾ ਨਾ ਕਰੋ, ਵੇਲਾ ਨਾ ਦੱਸੋ ।

ਅਮਲੀਆ ਏਥੋਂ ਦਾ ਦਿਤਾ ਅੱਗੇ ਲੈਣਾ ਏ ।
ਓਥੇ ਛਡੌਣ ਵਾਲਾ ਕੋਈ ਨਹੀ ਏ ।

ਕੁਟੰਬ ਸਾਰਾ ਕੂੜਾ ਤੇ ਕੂੜੇ ਨਾਲ ਨਿਹੁੰ ਲਾ ਕੇ
ਈਸ਼ਰ ਵਿਸਰਿਆ ਹੋਇਆ ਜੇ ।

ਸੰਸਾਰ ਜੇਹੜਾ ਇਹਦੇ ਵਿਚੋਂ ਕੋਈ ਬ੍ਰਹਮ ਗਿਆਨੀ ਤਰਦਾ ਜੇ ।

ਸਿਖਾਂ ਤੋਂ ਵੇਲਾ ਜਰਿਆ ਨਹੀਂ ਸੀ ਗਿਆ
ਤੇ ਵੇਲਾ ਓਦੋਂ ਵਰਤ ਜਾਣਾ ਸੀ, ਫੇਰ ਵਧਾ ਤਾ ।

ਕਿਸੇ ਨੂੰ ਦੱਸੋ ਪਾਤਸ਼ਾਹ ਬਾਣੀ ਲਿਖਾਈ ਕੋਈ ਮੰਨਦਾ ਨਹੀਂ
੮ ਮਣ ਤੇ ੯ ਛਟਾਂਕ ਬਾਣੀ ਜੇ, ਪਤਾ ਓਹਨੂੰ ਜੀਹਦੇ ਕੋਲ ਆ ।

ਲੋਕੀ ਆਂਦੇ ਸੀ ਪਾਤਸ਼ਾਹ ਕੁੱਤੇ ਬਿੱਲੇ ਮਾਰਨ ਵਾਲਾ ।

ਜਿਨ੍ਹਾਂ ਨੂੰ ਦਰਸ਼ਨ ਦੇਨੇ ਆਂ, ਸੈਕੜੇ ਕੋਹਾਂ ਤੇ ਜਾ ਦੇਨੇ ਆਂ ।
ਬਾਬੇ ਹੋਰਾਂ ਲਿਖਿਆ ਸੀ ਪਾਤਸ਼ਾਹ ਜੋਤ ਰੂਪੀ ਕਾਰ ਕਰਨਗੇ,
ਬਿਨਾ ਨਾੜੀ ਤੋਂ ਆਹ ਸਰੀਰ ਜੇ, ਐਦਰ ਆਏ ਤੇ ਐਂ ਚਲੇਗੇ ।

ਬਾਰ ਵਿਚ ਅਮਲੀਆ ਵੱਡੇ ਵੱਡੇ ਔਦੇ ਸੀ,
ਵੇਖੀਏ ਸਾਰਾ ਦਰਬਾਰ ਕਿਸ ਤਰਾਂ ਦੱਸਣਗੇ ?

ਬਾਰ ਵਿਚ ਇਕ ਮੁੱਲਾ ਸੀ, ਵੜਾ ਮਾਣ ਵਿਚ ਔਦਾ ਸੀ
ਤੇ ਸਾਡੇ ਸਾਮਣੇ ਆ ਕੇ ਇਕ ਬਚਨ ਨਹੀ ਸੀ ਕਰਦਾ ।
ਇਕ ਬੀਬੀ ਆਈ ਵੜੇ ਮਾਣ ਵਿਚ
ਤੇ ਅਸਾਂ ਪਹਿਲਾਂ ਆਖਿਆ ਬੀਬੀ ਨੂੰ ਆਖੋ ਸ਼ਬਦ ਪੜ੍ਹੋ
ਤੇ ਆਂਦੀ ਜੀ ਯਾਦ ਤਾਂ ਹੈ ਪੜ੍ਹਿਆ ਨਹੀਂ ਜਾਂਦਾ
ਸਾਮ੍ਹਣੇ ਜੋਤ ਦੇ ਓਹ ਹੋਵੇ ਜੀਦੂੰ ਏਦੂੰ ਵੱਡੀ ਤਾਕਤ ਹੋਵੇ ।
ਜਿੰਨਾਂ ਚਿਰ ਸ਼ਪਸ਼ਟ ਬਚਨ ਨਾ ਕਰੇ
ਓਨਾਂ ਚਿਰ ਛੁਟਕਾਰਾ ਕਿਸ ਤਰਾਂ ਹੋਵੇ ।

ਸਾਡਾ ਬਚਨ ਝੂਠਾ ਕਰਦੇ ਨੇ
ਬਚਨ ਬਣਦਾ ਈ ਨਹੀਂ
ਚੁੱਪ ਕਰਕੇ ਮਸਤਾਨਿਆਂ ਦੇ ਬਚਨ ਸੁਣੀ ਜਾਇਆ ਕਰੋ ।

ਜਿਥੇ ਪਤੀ ਪਤਨੀ ਦਾ ਅਨਜੋੜ ਆ,
ਏਹੋ ਜਿਹਾ ਹੋਰ ਨਰਕ ਕੋਈ ਨਹੀਂ ।

ਆਪ ਪਹੁੰਚੀ ਤੇ ਲੋਕਾਂ ਨੂੰ ਤਾਰਨ ਵਾਲੀ ਬਣੀ ਨਾ ।

ਸਾਡਾ ਪ੍ਰਸ਼ਾਦ ਲੈ ਜਾਓ ਤੇ ਜਾ ਕੇ ਕਿਸੇ ਤਰਾਂ ਛਕਾ ਦਿਓ,
ਜੇ ਪ੍ਰਸਾਦ ਵਿਚ ਏਨੀ ਤਾਕਤ ਜੇ ਸੋਝਾ ਤਾਹੀਏ ਹੁੰਦੀ ਜੇ
ਅਗੇ ਓ ਹੋਵੇ ਤੇ ।
ਬਹਿ ਜਾ ਨਿਮਸਕਾਰ ਕਰਕੇ,

ਗੁਰਦੇਵ ਕੌਰ ਦਾ ਪਿਓ ਕਿਥੇ ਆ,
ਪੜ੍ਹ ਸ਼ਬਦ "ਮੇਰੇ ਮਨ ਪ੍ਰੇਮ ਲਗੋ ਹਰ ਤੀਰ ਜੇ" ।

ਏਨਾ ਤੀਰ ਜੇ ਇਹਨਾਂ ਚਰਨਾਂ ਦਾ,
ਬਾਣੀ ਵਿਚੋਂ ਓਸੇ ਨੂੰ ਅਮਲੀਆ ਲੱਭੇ ਜਿਹਨੂੰ ਲਭਾਈਏ ।
ਪਾਪੀਆਂ ਨੂੰ ਨਹੀਂ ਜੇ ਲੱਭਦਾ ।

ਅਸੀਂ ਤਾਂ ਆਂਦੇ ਆ ਜਿੰਨਾ ਗੁਰੂ ਨੂੰ ਸਿੱਖ ਪਿਆਰਾ ਜੇ
ਏਨਾਂ ਹੋਰ ਕੋਈ ਨਹੀਂ ।

ਬਾਬਾ ਨਾਨਕ ਵੀ ਏਹੋ ਮੰਗ ਮੰਗਦਾ ਸੀ,
ਦੇ ਦਰਸ਼ਨ ਸ਼ਾਂਤ ਸਰੀਰ ।

ਬੀਬੀ ਨੇ ਅਰਜ ਕੀਤੀ ਪਾਤਸ਼ਾਹ ਮੈਂ ਚੋਰੀ ਭੱਜਕੇ ਔਨੀ ਆ,
ਪ੍ਰੇਮ ਇਹ ਚੀਜ ਜੇ ।
ਜੇਹੜਾ ਚਲਕੇ ਆਵੇ ਦਰ ਤੇ ਤੇ ਫੇਰ ਲੁਕਿਆ ਕਿਉਂ ਰਹੇ ।
ਪਹਿਲੋਂ ਲੈ ਪਰਦਖਣਾ ਪੈਰੀ ਪੈ ਕੇ
ਲੈ ਗਲ ਲਾਏ,
ਏਨੀ ਵਡਿਆਈ ਆ ਈਸ਼ਰ ਵਿਚ ।

ਅਮਲੀਆ ਏਸ ਦੇਹ ਨੂੰ ਬੰਨਕੇ ਰੱਖਦੇ ਆਂ ਨਹੀਂ ਤੇ ਉਡਦੀ ਫਿਰੇ ।
ਕੋਈ ਧਾਰਨ ਹੋਵੇ ਤੇ ਸ਼ਬਦ ਨਾ ਆਵੇ ਤੇ ਪੁੱਛ ਲਿਆ ਕਰੋ ।

*ਪਾਤਸ਼ਾਹ ਦੱਸੋ ।*
*ਏਨਾਂ ਚਰਨਾਂ ਵਿਚ ਲਗੀ ਨਹੀਂ ਜੇ ਟੁਟਦੀ,*
*ਤੋੜੀ ਨਾ ਤੁਟੇ, ਛੋੜੀ ਨਾ ਛੁੱਟੇ, ਐਸੀ ਮਾਧਉ ਪ੍ਰੀਤ ਬਨੀ ।*
ਐਨਾ ਸ਼ਬਦ ਵਿਚ ਰਸ ਜੇ,
ਜੇਹੜਾ ਮੇਹਣਾ ਮਾਰੇ ਪਾਤਸ਼ਾਹ ਦਾ,
ਓਹਦੇ ਮੂੰਹ ਤੇ ਸ਼ਬਦ ਮਾਰਿਆ ਕਰੋ ।

ਆਖੇ, ਸਾਡੀ ਪਾਤਸ਼ਾਹ ਦੇ ਚਰਨਾਂ ਵਿਚ ਲੱਗੀ ਰਹੇ ।

ਸੰਗਤਾਂ ਦੇ ਔਣ ਵਾਸਤੇ ਗੰਜਿਆ ਮੰਗ ਮੰਗਦਾ ਸਾਂ,
ਜਾਣ ਵਾਸਤੇ ਵੀ ਮੰਗ ।
ਆਂਦਾ ਸਾ ਸੰਗਤਾਂ ਭਿਜਦੀਆਂ ਔਣ
ਹੁਣ ਜਾਣ ਵੀ ਭਿਜਦੀਆਂ ਕਿ ਨਾ ।
ਸਿਖ ਦਾ ਜਿਹੜਾ ਸਦਾ ਵਾਸਤੇ ਬਚਨ ਹੋਵੇ
ਓਹਵੀ ਪੂਰਾ ਕਰਨਾ ਪੈਂਦਾ ਏ ।
ਸੰਗਤਾਂ ਕਾਹਲੀਆਂ ਨੇ ਜਾਣ ਵਾਸਤੇ ।

ਏਨੇ ਸੁਖ ਮਿਲ ਜਾਂਦੇ ਨੇ,
ਈਸ਼ਰ ਦੇ ਭਗਤਾਂ ਨੂੰ ਦੁਨੀਆ ਫੇਰ ਨਹੀਂ ਟਲਦੀ ਤਾਨੇ ਦੇਣੋ ।
ਭਗਤੀ ਕੀਤੀ ਕਬੀਰ ਨੇ
ਤੇ ਲੋਕੀ ਆਂਦੇ ਸੀਂ ਜਲਾਹੇ ਦੇ ਮਗਰ ਦੁਨੀਆ ਲੱਗੀ ਫਿਰਦੀ ਆ ।
ਕਬੀਰ ਨੇ ਜਵਾਬ ਦਿਤਾ :
"ਜਾਤ ਜੁਲਾਹਾ ਤੇ ਕਿਆ ਹੁਆ ਮੇਰੇ ਹਿਰਦੇ ਵਸੈ ਗੋਪਾਲ,
ਮੈ ਵਾਸੀ ਓਸ ਦੇਸ ਦਾ ਜਿਥੇ ਪਾਰਬ੍ਰਹਮ ਦਾ ਖੇਲ,
ਦੀਵਾ ਬਲੇ ਅਗੰਮ ਦਾ, ਬਿਨ ਬੱਤੀ ਬਿਨ ਤੇਲ ।"

ਜਿਸ ਤਰਾਂ ਅਮਲੀਆ ਤੁਹਾਨੂੰ ਲੋਕੀ ਪੁੱਛਦੇ ਨੇ,
ਐਨੀ ਭਗਤੀ ਕੀਤੀ ਕਬੀਰ ਨੇ ਤੇ ਫੇਰ ਵੀ ਮਨ ਧੀਰ ਨਾ ਧਰੇ,
ਆਖੇ ਮੈਂ ਨਿਗੁਰਾਂ ਏਸ ਸੰਸਾਰ ਵਿਚ
ਤੇ ਫੇਰ ਜਾ ਕੇ ਰਾਮਾ ਨੰਦ ਧਿਆ ਲਿਆ ।

ਏ ਵਡਿਆਈ ਹੁੰਦੀ ਜੇ ਈਸ਼ਰ ਦੀ
ਪਸ਼ੂ ਪ੍ਰੇਤ ਤੋਂ ਦੇਵਤੇ ਬਣਾ ਦੇਂਦਾ ਏ ।

ਅਮਲੀਆ ਬ੍ਰਹਮ ਗਿਆਨੀਆ ਵਾਸਤੇ ਇਹ ਸ਼ਬਦ ਹੁੰਦੇ ਨੇ
ਬਾਕੀ ਦੂਜੇ ਭਟਕਦੇ ਫਿਰਦੇ ਨੇ ।
ਓਨਾ ਦੇ ਮਨ ਦੀ ਤ੍ਰਿਸ਼ਨਾ ਨਹੀ ਮਿਟਦੀ ।

ਪੜ੍ਹੋ ਸ਼ਬਦ
"ਮੇਰੇ ਸਤਿਗੁਰ ਪਾਸ ਹੈ ਜੀ, ਭੰਡਾਰਾ ਅੰਮ੍ਰਿਤ ਦਾ" ।
ਹੁਣ ਤਾਂ ਨਾਮ ਦੀ ਲੁੱਟ ਪਈ ਆ
ਲਾ ਲਓ ਗੱਫੇ ਜਿਨੇ ਮਰਜੀ ਆ ।
ਏਸ ਤਰਾਂ ਹਰ ਇਕ ਜੀਅ ਵਿਚ ਜੇ,

ਜਿਸ ਵੇਲੇ ਤੁਬਕਾ ਡਿਗਦਾ ਤੇ ਆਤਮਾ ਵਿਚੋਂ ਪਰਮਾਤਮਾ ਲੱਭਦਾ ਜੇ ।
ਹੁਣ ਐਨੀ ਦਇਆ ਕਰਾਂਗੇ ਕਿ
ਬੱਚਿਆਂ ਨੂੰ ਵੀ ਦਰਸ਼ਨ ਦਿਆ ਕਰਾਂਗੇ ।
ਅੱਗੇ ਅਸੀਂ ਆਪਣੀ ਦੇਂਹ ਦਾ ਦਰਸ਼ਨ ਸਾਰਿਆਂ ਨੂੰ ਦੇਂਦੇ ਸਾਂ,
੧੦ ਪਾਤਸ਼ਾਹੀਆਂ ਦਾ ਦਰਸ਼ਨ ਪਾਲ ਸਿੰਘ ਵਰਗੇ ਸਿੱਖ ਨੂੰ ਦੇਂਦੇ ਸਾਂ
ਹੁਣ ਸਾਰਿਆਂ ਨੂੰ ਦਰਸ਼ਨ ਦਿਆਂ ਕਰਾਂਗੇ ।

ਇਹ ਇਉਂ ਲੱਭਣ ਵਾਲੀ ਚੀਜ ਨਹੀਂ
ਜਿਹੜੀ ਭੱਜ ਕੇ ਫੜ ਲਈਏ ।

ਫੇਰ ਜੋਤ ਦਾ ਦਰਸ਼ਨ ਦਿਆਂਗੇ, ਐਨੀ ਮਸਤੀ ਦਾ,
ਜੇਹੜਾ ਦਰਸ਼ਨ ਕਰੂ ਦੀਵਾਨਾ ਹੋ ਜਾਇਆ ਕਰੂ ।
ਪੂਰਨ ਗੁਰੂ ਦਾ ਦਰਸ਼ਨ ਕਰਕੇ ਦਿਲ ਦੀ ਭਟਕਣਾ ਮਿਟ ਜਾਂਦੀ ਏ,
ਘਰ ਬੈਠਿਆਂ ਨੂੰ ਈ ਤਾਰ ਦਿਆਂਗੇ ।

ਕਈ ਰਿਧੀਆਂ ਸਿਧੀਆਂ ਲਈ ਜੰਗਲਾਂ ਵਿਚ ਭੱਜੇ ਫਿਰਦੇ ਨੇ
ਵੱਡੀ ਬਿਮਾਰੀ ਜੀਅ ਵਿਚ ਹਉਮੇ ਦੀ ਹੁੰਦੀ ਜੇ ।
ਹਉਮੇ ਵੱਡਾ ਰੋਗ ਆ,
ਈਸ਼ਰ ਤੋਂ ਬਿਨਾ ਇਹਦੀ ਕੋਈ ਦਵਾ ਨਹੀਂ ਜੇ ।

ਸੂਰਜ ਅਮਲੀਆ ਲੱਭੂ ਨਾ ਤੇ ਫੇਰ ਕੀ ਕਰੋਂਗੇ ।
ਸੰਸਾਰ ਵਾਸਤੇ ਸੂਰਜ ਚਾਨਣ ਜੇ, ਚੰਦ ਚਾਨਣ ਜੇ ।
ਮੈਨੂੰ ਲੱਭਣ ਵਾਸਤੇ ਈਸ਼ਰ ਚਾਨਣ ਜੇ,
ਜੇਹੜਾ ਗੋਝ ਗਿਆਨ ਤੇ ਪੜਦੇ ਨੂੰ ਦੱਸਦਾ ਜੇ ।

ਸ਼ਬਦ ਤਾਂ ਇਕ ਹਿਰਦੇ ਵਿਚ ਵਸਾਇਆ ਹੋਵੇ
ਤੇ ਅੰਦਰੋਂ ਨਹੀਂ ਨਿਕਲਦਾ ।
ਏਸੇ ਕਰਕੇ ਈਸ਼ਰ "ਸੋਹੰ" ਅਮਲੀਆ ਰੱਖਿਆ ਏ,
ਅੱਗੇ ਓਅੰਕਾਰ ਸੀ ।
ਏਹੋ ਨਾ ਤਾਕਤ ਜੇਹੜੀ ਈਸ਼ਰ ਨੂੰ ਲਿਖੌਂਦੀ ਤੇ ਬਣੌਂਦੀ ਆ ।
ਸ਼ਬਦ ਵਿਚ ਏਡੀ ਸਮਰਥਿਆ ਜੇ
ਅਸੀਂ ਸਿਖਾਂ ਨੂੰ ਕਰਨ ਨਹੀਂ ਦੇਂਦੇ ।
ਪਾਲ ਸਿੰਘ ਇਕ ਸ਼ਬਦ ਵਸ ਕੀਤਾ ਸੀ
ਜੇਹਦੇ ਨਾਲ ਮਾਰ ਵੀ ਲੈਣਾ ਤੇ ਫੇਰ ਜੁਵਾ ਵੀ ਲੈਣਾ ।
ਸ਼ਬਦ ਪੜ੍ਹਦਾ ਸੀ ਤੇ ਅਸੀਂ ਰਾਤ ਗਏ
ਤੇ ਜਾ ਕੇ ਅੰਦਰ  ਪੜ੍ਹਨੋ ਹਟਾ ਦਿੱਤਾ ।

ਜੀਵ ਮਾਰਨਾ ਵੜਾ ਪਾਪ ਜੇ
ਇਕ ਜੀਵ ਮਾਰੀਏ ਤੇ ੧੦ ਹਜਾਰ ਗਊ ਜਿੰਨਾ ਪਾਪ ਜੇ ।

ਬਚਨ ਤੁਹਾਨੂੰ ਮੋਤਿਆ ਸ਼ਬਦ ਰੂਪ ਦੱਸਿਆ ਕਰਾਂਗੇ ।
ਜਦੋਂ ਕੋਈ ਗਲਤੀ ਕਰੋਗੇ
ਅਸੀ ਛਾਲ ਮਾਰਕੇ ਆਣ ਖਲੋਇਆ ਕਰਾਂਗੇ ।

ਪਾਪਣ ਸ਼ਰਾਬ ਦੁਨੀਆ ਤੋਂ ਹਟਾ ਦੇਣੀ ਆ ।

ਅਸੀਂ ਤਾਂ ਇਕ ਮੁੱਠ ਕਰਕੇ ਸਾਰਿਆਂ ਨੂੰ ਰੱਖਣਾ ਹੋਇਆ ।
ਸਿਖੀ ਥੋੜੀ ਨਹੀਂ ਹੋਣੀ, ਹੋਰ ਤਾਂ ਕੋਈ ਹੋਣਾ ਨਾ ਨ ਹੋਇਆ ।

ਦਰਸ਼ਨ ਵੱਡੀ ਮਿਹਰ ਆ ਸਾਡੀ, ਕੋਈ ਥੋੜੀ ਜਹੀ ਗੱਲ ਨਹੀਂ ।

ਤੂੰ ਤਾ ਮੋਤਿਆ ਜਮਾ ਰੱਖੀ ਜਾਨਾ ਏ
ਏਨਾ ਪ੍ਰੇਮ ਤੇਰਾ ਸਾਨੂੰ ਬਦੋ ਬਦੀ ਖਿਚ ਲੈਨਾ ।

ਦੀਪਿਆ ਬਹਿਜੋ ਤੁਸੀਂ ਵੀ  ਸਾਰੀ ਸੰਗਤ ਬਹਿ ਜੋ,
ਬਚਨ ਸੁਣੋ ਸਾਡੇ ਪ੍ਰੇਮ ਨਾਲ ।

ਸੰਗਤ ਸਾਰੀ ਛੱਡ ਦੇਣੇ ਆਂ, ਘਬਰਾਓ ਨਹੀਂ ।

ਜੀਊਣ ਸਿੰਘ ਕਿਥੇ ਆ, ਰੜਕਦਾ ਨਹੀਂ ।
ਕੋਈ ਟੋਟ ਆ ਤੇ ਕਰੀਏ ਪੂਰੀ ।

ਗੁਰੂ ਸਿਖ ਦੀ ਪ੍ਰੀਤ ਦੱਸਣ ਬਦਲੇ ਕਲਮ ਬਾਣੀ ਲਿਖਦੀ ਆ ।
ਬਾਣੀ ਸੁਣਕੇ ਪੰਛੀ ਹੇਤ ਕਰ ਸਕਦੇ ਨੇ,
ਤੇ ਜਿਨਾਂ ਨਾਲ ਸਾਡੀ ਐਨੀ ਪ੍ਰੀਤੀ  ਤੁਸੀਂ ਨਹੀਂ ਕਰ ਸਕਦੇ ।

ਵੇਖੋ ਨਾ ਤੁਸੀ ਜੁਗਾਂ ਪਰਮਾਣ ਪੜ੍ਹਦੇ ਔਂਦੇ ਜੇ,
ਕਿਤਨੇ ਕ ਭਗਤ ਤੁਹਾਨੂੰ ਮਿਲਦੇ ਸੀ ਓਧਰ ।

ਦੁੱਖਾਂ ਵਿਚ ਨ ਸਾਨੂੰ ਸ਼ਾਮਲ ਕਰ ਲਿਆ ਕਰੋ ।

ਮਾਣਸ ਦੇਹੀ ਫੇਰ ਬਣਦੀ ਆ
ਪਹਿਲੋਂ ਮੱਛਾਂ ਕੱਛਾਂ ਵਿਚ ਰਹਿੰਦੇ ਨੇ ।

ਅਮਲੀਆ ਹਉਮੈ ਜੁ ਵਿਚੋਂ ਗਵਾ ਦੇਂਦਾ ਹੋਇਆ ।
ਵੇਖੋ ਸੱਚ ਦਾ ਘਰ ਕਿਡਾ ਸੀ,
ਕਲੂ ਕਾਲ ਵਿਚ ਕੂੜ ਦਾ ਵਰਤਾਰਾ ਸੀ,
ਵਰਤ ਕੇ ਵਖਾ ਦਿਤਾ ਨਾ ।

ਏਹੋ ਸ੍ਰਿਸ਼ਟੀ ਦੇ ਵਿਚ ਦਾਤ ਆ ਜੇਹੜਾ ਨੀਚਾਂ ਤੋਂ ਉਚ ਕਰਨਾ ਏ,
ਨਾ ਜਾਤ ਪਾਤ ਵੇਂਹਦਾ ਜੇ ।

ਸਾਰੀ ਸੰਗਤ ਨੂੰ ਵਾਜਾਂ ਦੇ ਦਿਓ
ਇਕ ਦਮ ਦਰਸ਼ਨ ਦਿਆਂਗੇ ਓਥੇ ਜਾ ਕੇ

ਪ੍ਰੀਤਮ ਸਿੰਘ ਸਾਰੀ ਸੰਗਤ ਕੱਠੀ ਕਰਕੇ ਬਚਨ ਦੱਸਿਓ
ਤੇ ਕਾਕੇ ਦਾ ਨਾਂ ਸਰਜੀਤ ਸਿੰਘ ਰੱਖਿਆ ਜੇ ।

ਸੰਗਤ ਬਾਹਰ ਕਿੰਨੀ ਕ ਆ, ਬਹਿ ਜੋ ਸਾਰੇ ਕੱਠੇ ਹੋ ਕੇ ।
ਸਾਰੇ ਅੰਦਰ ਆ ਜੋ, ਔਣ ਦਿਓ ਸਾਰਿਆ ਨੂੰ,
ਹੰਸਾਂ ਵਿਚ ਕਾਗਾਂ ਨੂੰ ਵੀ ਬਹਿਣ ਦਿਓ ।
ਮਾਣਸ ਦੇਹੀ ਜੁ ਹੋਈ ਤੇ ਵੇਖਕੇ ਚਾਅ ਔਂਦਾ ਏ ।
ਹੋਣਾ ਤਾਂ ਜੋ ਹਾਲ ਏਹਨਾਂ ਦਾ ਓਹੋ ਹੋਣਾ ਏ ।

ਏਸ ਦਰ ਤੇ ਦੇਰ ਨਹੀਂ ਲਗਦੀ ਜੇ,
ਤਾਰੇ ਤਾਂ ਕਿਆ ਹੰਸ ਕਿਆ ਬਗਲਾ,
"ਜਿਸ ਕਉ ਨਦਰ ਕਰੇ" ਮਿਹਰ ਹੋ ਜੇ
ਤੇ ਕਾਗੋਂ ਹੰਸ ਬਣੌਂਦਿਆਂ ਦੇਰ ਨਹੀਂ ਲੱਗਦੀ ।

ਜਿਹੜੇ ਬਿਰਛ ਨੇ ਅਮਲੀਆ
ਓਹ ਵੀ ਈਸ਼ਰ ਦੇ ਚਰਨਾਂ ਨੂੰ ਤਰਸਦੇ ਨੇ
ਆਂਦੇ ਨੇ ਮਿਹਰ ਹੋ ਜੇ ਤੇ ਸਾਡੇ ਥੱਲੇ ਵੀ ਆਸਣ ਲੌਣ ।

ਇਕ ਲੱਖ ਤੇ ਅੱਸੀ ਹਜਾਰ ਪ੍ਰੇਤ ਜੂਨ ਆ
ਓਹ ਵੀ ਥਾਂ ਏਥੋਂ ਪੂਰੇ ਕਰਨੇ ਹੋਏ ਨਾ ।
ਏਸੇ ਕਰਕੇ ਸੰਗਤ ਨੂੰ ਆਂਦੇ ਰਹਿੰਦੇ ਆਂ ਪ੍ਰੇਮ ਕਰੋ
ਭਲਾ ਮਿਹਰ ਹੋ ਜੇ ਤੇ ।

ਪ੍ਰਭਾਸ ਦੇ ਵਿਚ ਸੁੱਤੇ ਹੋਏ ਤੇ ਚਰਨ ਗੋਡੇ ਉਤੇ ਰੱਖ ਦਿਤਾ
ਤੇ ਸਿਧਾ ਤੀਰ ਮਾਰਿਆ ਤੇ

ਫੜਕੇ ਓਨਾਂ ਨੂੰ ਵੀ ਅਮਲੀਆ ਗਲ ਨਾਲ ਲਾ ਲਿਆ ।

ਜੇਹੜੇ ਦਰ ਤੇ ਪੁਜ ਜਾਂਦੇ ਨੇ ਓ ਪ੍ਰਵਾਨ ਹੋ ਜਾਂਦੇ ਨੇ ।
ਓ ਨਾ ਹੋਵੇ ਚਬਲ ਜਈ ਬੁੱਢੀ ਵਾਂਗੂ
ਗੋਡੇ ਗਿਟੇ ਭਨਾ ਕੇ ਚਲੇ ਜਾਣ ।
ਏਸੇ ਕਰਕੇ ਆਖੀਦਾ ਆਓ ਜਿਨ ਸਾਨੂੰ ਪਰਖਣਾ ਪੁੱਛੋ ।

ਏਨਾ ਭਾਵ ਜੇ ਕਲਜੁਗ ਦੇ ਲੰਘ ਜਾਣ ਦਾ ।
ਚੇਤ ਦੀ ਪਹਿਲੀ ਤੋਂ ਕਿਸ ਤਰਾਂ ਸੰਗਤ ਕੱਠੀ ਹੁੰਦੀ ਜਾਂਦੀ ਆ ।
ਸੰਗਤ ਤਾਂ ਦਿਨੋ ਦਿਨ ਸਵਾਈ ਤੋਂ ਸਵਾਈ ਕੱਠੀ ਹੁੰਦੀ ਜਾਣੀ ਏ ।
ਸੰਗਤ ਤਾਂ ਮੋਤਿਆ ਇਕ ਪਲ ਵਿਚ ਵਧਾਲਾਂਗੇ ।

ਏਨਾ ਹਨੇਰਾ ਹੁੰਦਾ ਜੇ,
ਜਿਸ ਤਰਾਂ ਲਿਖਿਆ, ਮੈਨੂੰ ਗੁਰੂ ਬਿਨ ਘੋਰ ਹਨੇਰ
ਏਸ ਕਲਜੁਗ ਦੇ ਹਨੇਰੇ ਵਿਚ ਵੇਖਿਓ ਕਿ
ਕਿਸ ਤਰਾਂ ਦੁਨੀਆ ਤ੍ਰਾਸ ਤ੍ਰਾਸ ਕਰਦੀ ਆ ।

ਗੁਰਦਵਾਰਿਆ ਵਿਚ ਕਿੰਨੀਆਂ ਦੇਹਾਂ ਬਾਬੇ ਦੀਆਂ ਸਾੜੀਆਂ,
ਸਾਡੀ ਜੋਤ ਕਿਸ ਤਰਾਂ ਕੋਈ ਸਾੜ ਦੇਵੇ,

ਤੁਹਾਡੀ ਸ਼ਬਦਾਂ ਦੀ ਗੂੰਜ ਵਿਚ ਪ੍ਰਵੇਸ਼ ਰਹਿਨੇ ਆ ।
ਸਿਖਾਂ ਨੂੰ ਲੱਭਦੇ ਆ ਹੋਰ ਕਿਸੇ ਨੂੰ ਲੱਭਦੇ ਵੀ ਨਹੀਂ ।

ਤਿਲਾ ਦੇ ਬੂਟੇ ਨਾਲੋਂ ਤਿਲ ਝੜ ਜਾਣ ਤੇ ਖਸਮ ਵੱਢਦਾ ਈ ਨਹੀਂ ।
ਤੇ ਏਸ ਤਰਾਂ ਏਨਾਂ ਜੀਆਂ ਨਾਲ ਹੋਣੀ ਆ,
ਮਾਣਸ ਦੇਹ ਤਾਂ ਧਾਰੀ ਕੋਈ ਕਰਮ ਤਾਂ ਨਹੀਂ ਨਾ ਕੀਤਾ ।

ਕੁਦਰਤ ਨਾਮ ਸ੍ਰਿਸ਼ਟੀ ਦਾ ਜੇ
ਆਪਣੇ ਆਪ ਵਿਚ ਆਸਣ ਲਾ ਲਿਆ ਨਾ,
ਮਾਰਣ ਵਾਲਾ ਵੀ ਆਪੇ ਤੇ ਜਵੌਣ ਵਾਲਾ ਵੀ ਆਪੇ ਬਣ ਬੈਠਾ ।
ਥੋੜਾ ਤੁਹਾਨੂੰ ਹੋਰ ਦੱਸੀਏ ਸਾਡਾ ਨਾਂ ਪਰਮੇਸ਼ਵਰ ਜੇ,
ਜਦੋਂ ਅਸੀਂ ਚਲੇ ਜਾਈਏ ਪੜ੍ਹਨ ਵਾਲੇ ਸਾਡਾ ਨਾਂ ਜਗਦੀਸ਼ਰ ਲੈਂਦੇ ਨੇ,

ਈਸ਼ਰ ਨੂੰ ਆਲਸ ਤੇ ਨੀਂਦਰ ਨਹੀ ਹੁੰਦੀ,
ਨੈਣ ਮੁੰਦ ਕੇ ਪਏ ਤੇ ਪਤਾਲ ਵਿਚ ਲਛਮੀ ਚਰਨ ਝੱਸਦੀ ਸੀ,
ਦਿਲ ਵਿਚ ਆਖਣ ਲੱਗੀ ਮੈਂ ਚਰਨ ਝੱਸਦੀ ਆ ਤੇ ਸੁੱਤੇ ਪਏ ਨੇ ।

ਤੇ ਫੇਰ ਆਖਿਆ ਮਾਣ ਨਾ ਕਰ ਤੂੰ ਵੱਡੇ ਭਾਗਾਂ ਵਾਲੀ ਏਂ
ਜੇਹੜੀ ਚਰਨਾਂ ਦੀ ਸੇਵਾ ਕਰਦੀ ਏਂ
ਤੇ ਸਾਰੀ ਦੁਨੀਆ ਨੂੰ ਵਸ ਕਰੀ ਬੈਠੀ ਏਂ,

ਪੜ੍ਹੋ ਸ਼ਬਦ
"ਪਾਰਜਾਤ ਗੋਪੀ ਲੈ ਆਇਆ, ਬਿੰਦਰਾਬਨ ਮਹਿ ਰੰਗ ਕੀਆ" ।

ਪਾਰਜਾਤ ਦਰਖਤ ਜੇ ਇੰਦਰ ਪੁਰੀ ਵਿਚ,
ਜਿਹੜਾ ਫਲ ਮੂੰਹੋ ਮੰਗੀਏ ਨਾ ਓ ਦੇਂਦਾ ਜੇ ।
ਗੋਪੀ ਬਿੰਦਰਾ ਬਨ ਦੀ, ਓਨ ਮੇਹਣਾ ਮਾਰਿਆ
ਕਿ ਦੇਵਤਿਆ ਦੀ ਪੁਰੀ ਵਿਚ ਏਹੋ ਜਹੇ ਫਲ ਕਿਥੇ ਹੋਣ ।

ਜਿਸ ਤਰਾਂ ਹੁਣ ਵੇਲਾ ਏ
ਜੇਹੜਾ ਸਿਖ ਇਕ ਆ ਨ ਬੰਸ ਦੇ ਵਿਚ,
ਏਸ ਤਰਾਂ ਜੇ ਜਿਸ ਤਰਾਂ ਕੱਲਰ ਦੇ ਵਿਚ ਕੌਲ ਲੱਗ ਜਾਂਦਾ ਏ ।

ਅਮਲੀਆ ਅੱਡੋ ਅੱਡ ਚੀਜਾਂ ਜੁ ਬਣਾ ਦਿਤੀਆਂ
ਜੇਹੜੀ ਅਮਲੀਆ ਮੰਗ ਮੰਗਣੀ ਆ ਅਸੀ ਆਪੇ ਈ ਦੇ ਗਏ ਹਾਂ
ਬਹੁਤੀਆਂ ਆਂਦੀਆਂ ਨੇ ਅਸੀਂ ਜੋ ਕੁਛ ਆ ਹੁਣੇ ਈ ਲੈ ਜਾਈਏ
ਫੇਰ ਕੁਛ ਨਹੀਂ ਲੱਭਣਾ ।

ਛੱਡਣ ਵਾਸਤੇ ਵਿਹਾਰ ਬਚਨ ਨਹੀ ਕੀਤਾ
ਜਿਦਣ ਅਸਾਂ ਜਾਣਾ ਹੋਇਆ ਚੀਜਾਂ ਵਲ ਨਹੀ ਨਾ ਵੇਖਣਾ
ਜਦੋਂ ਦਿਨਾਂ ਤੇ ਗਲ ਹੋਵੇ ਓਦੋ ਕੋਈ ਦੇਰ ਨਹੀ ਹੁੰਦੀ ।
ਜਦੋਂ ਭਾਣਾ ਹੋਇਆ ਸਾਰੇ ਸਾਨੂੰ ਛੱਡ ਛੱਡ ਕੇ ਭੱਜਣਗੇ,
ਕਿਸੇ ਸਾਨੂੰ ਉਡੀਕਣਾ ਨਹੀ, ਜਿਸ ਤਰਾਂ ਮਿਰਤਕ ਕੋਲੋਂ ਭੱਜਦੇ ਨੇ ।

ਏਸ ਸੰਗਤ ਵਿਚ ਸਾਰੇ ਇਕੋ ਜਹੇ ਨਹੀਂਗੇ ।

ਫੇਰ ਲੋਕੀ ਤੁਹਾਨੂੰ ਘੇਰੀ ਫਿਰਨਗੇ ।
ਜੇ ਹੁਣ ਦੱਸੀਏ ਤਾਂ ਦਇਆ ਤੁਹਾਨੂੰ ਪੁਛ ਕੇ ਕਰਨੀ ਆ ?
ਆਪਣੇ ਰਥ ਦਾ ਰਥਵਾਹੀ ਹੋਵੇ ਤੇ ਫੇਰ ਡੇਗ ਕਿਧਰ ਜਾਵੇ ।
ਕਲਜੁਗ ਰਥ ਅਗਨ ਦਾ ਜੇ, ਤੇ ਕੂੜ ਇਹਦਾ ਰਥਵਾਹ ਜੇ ।

ਦੁੱਧ ਲਿਆਓ ਨਾਲੇ ਸ਼ਬਦ ਪੜ੍ਹੋ
"ਦੁੱਧ ਪੀਓ ਜੀ ਮੇਰੇ ਗੋਬਿੰਦ ਰਾਇਆ" ।

ਦੁੱਧ ਸਭ ਤੋਂ ਚਿਟੀ ਚੀਜ ਜੇ
ਏਸੇ ਤਰਾਂ ਚਿਟੀ ਦੁੱਧ ਵਰਗੀ ਪਰਚਲਤ ਹੋਣੀ ਜੇ,
ਨਾਮੇ ਨੇ ਦੁੱਧ ਤੋਂ ਪਾ ਲਈ ਸੀ ।
ਜਾਣਕੇ ਪਿਓ ਪੁਤ ਨਹੀਂ ਬਣਦੇ, ਐਨਾ ਕਲਜੁਗ ਨੇ ਜੋਰ ਪਾਇਆ ।
ਤੇ ਧੰਨੇ ਨੇ ਪੱਥਰੋਂ ਪਾ ਲਿਆ ਸੀ
ਆਪਣੇ ਆਪ ਵਿਚੋਂ ਪਾ ਲਿਆ ਸੀ ।

ਸ਼ਬਦ ਦਰਬਾਰ ਵਿਚੋਂ ਵੇਖੋ ਇਕ ਸੌ ਨੜਿਨਵੇ ਸਫੇ ਤੇ ਜੇ,
ਮਾਰਨ ਤੇ ਜਵੌਣ ਵਾਲਾ ।

ਪ੍ਰਤਾਪ ਨੂੰ ਮੰਗੋ ਸ਼ੇਰ ਬਣਾ ਦੇਨੇ ਆ
ਦੁੱਖ ਕੱਟ ਦੇਨੇ ਆ,
ਹੁਣ ਥੋੜੇ ਅੱਗੇ ਨਾਲੋਂ ਵੀ ਵੱਡਿਆਂ ਨਾ ਕਰ ਦਿਆਂਗੇ ।
ਘਾਟੇ ਵਾਲੀ ਤਾਂ ਏਥੇ ਗਲ ਨਾ ਹੋਈ ।

ਜਿਡੀ ਛੇਤੀ ਪਾਪ ਦਿਲੋਂ ਉਪਜਦਾ,
ਪ੍ਰੇਮ ਨਹੀਂ ਜੇ ਏਡੀ ਛੇਤੀ ਔਦਾ ।

ਐਨੇ ਦਿਨਾਂ ਦਾ ਪ੍ਰਤਾਪ ਨੂੰ ਚੇਤਾ ਨਹੀਂ ਆਇਆ,
ਚਰਨਾਂ ਵਿਚ ਆਣਕੇ ਨਿਮਾਣਾ ਹੋ ਜੇ ਤੇ ਜਿਤ ਗਿਆ,
ਮਾਣ ਵਿਚ ਆ ਜੇ ਤੇ ਢੱਠ ਗਿਆ ।
ਜਲ ਲਿਆਓ, ਪ੍ਰਤਾਪ ਛਕ ਲਾ ਰੱਜਕੇ ਤੇ ਬਹਿਜਾ ।

ਬੇਬੇ ਸੰਤੋ ਕਾਹਦੀ ਅਰਜ ਕਰਦੀ ਏ,
ਬੇਨਤੀ ਜੇਹੜੀ ਇਕ ਵੇਰਾਂ ਹੋ ਜੇ ਘੜੀ ਘੜੀ ਨਹੀਂ ਕਰਨੀ ਚਾਹੀਦੀ
ਅਸੀ ਕਿਤੇ ਭੁੱਲ ਥੋੜਾ ਜਾਨੇ ਆ ।

ਜੇਹੜੇ ਦਰ ਤੇ ਨਹੀਂ ਪਹੁੰਚਦੇ ਓਨ੍ਹਾ ਵਾਸਤੇ ਕੌੜੀਆਂ ਚੀਜਾਂ ਨੇ,
ਗਿਦੜ ਵਾਂਗੂੰ ਜਿਨ੍ਹਾਂ ਨੂੰ ਕੁਛ ਲੱਭਣਾ ਨਹੀਂ ।

ਅਸੀਂ ਤਾਂ ਜਿਦਣ ਦੇ ਆਏ ਆਂ
ਦਇਆ ਤੋਂ ਬਿਨਾ ਬਚਨ ਨਹੀਂ ਕਰਦੇ ।

ਭੱਜ ਗਏ ਸੋ
ਅਮਲੀਆ ਅਸੀਂ ਪ੍ਰਸ਼ਾਦਿ ਵੰਡੇ ਤੋਂ ਬਿਨਾ ਜਾਂਦੇ ਸਾਂ ?

ਪਲੰਘ ਤੇ ਪ੍ਰਸ਼ਾਦ ਰੱਖਣ ਵਾਲਾ ਥਾਂ ਨਹੀਂ ਸੀ
ਤੇ ਅਸੀ ਏਸ ਤਰਾਂ ਰੱਖਦੇ ਸਾਂ ।
ਸੱਚੇ ਦਾ ਸੱਚਾ ਢੋਆ ਹੁੰਦਾ ਜੇ ।
ਪ੍ਰਸਾਦ ਜੇਹੜਾ ਏਸੇ ਵਿਚ ਰਾਮ ਸਹਾਈ ਹੁੰਦਾ ਜੇ ।

ਏਸ ਤਰਾਂ ਹਦੂਰੇ ਤੁਹਾਨੂੰ ਰਹਿਣ ਦੇਂਦੇ ਸਾਂ ।
ਏਨਾਂ ਚਿਰ ਬਹਿਣ ਵਿਚ ਸਾਨੂੰ ਵੜਾ ਘਾਟਾ ਸੀ ।

ਜੇ ਤੁਹਾਡਾ ਸ਼ਬਦਾਂ ਨੂੰ ਨਹੀਂ ਸੰਘ ਤੁਰਦਾ
ਤੇ ਅਸੀਂ ਕੱਲੇ ਬਥੇਰੇ ਹਾਂ ।

ਜੇਹੜੀ ਸੇਵਾ ਤੁਸੀਂ ਕਰਦੇ ਜੇ ਏ ਕਿਸੇ ਨੂੰ ਨਹੀਂ ਲੱਭਣੀ
ਤੁਸੀਂ ਅਮਲੀਆ ਮੇਰੀ ਸੰਗਤ ਜੇ
ਤੇ ਅਸੀ ਵੀ ਤੁਹਾਡੇ ਚਰਨਾਂ ਦੀ ਧੂੜੀ ਲੈਕੇ
ਭੌਂ ਤੇ ਲੇਟਕੇ ਤੇ ਫੇਰ ਪਲੰਘ ਤੇ ਬੈਠੇ ਆ ।

ਏ ਭੇਤ ਜੇ ਸਰੀਰ ਭੰਨਣ ਦਾ,
ਤੈਨੂੰ ਅਮਲੀਆ ਪਤਾ ਨਹੀ, ਏਹੋ ਤਾਂ ਬਚਨ ਕਰਦੇ ਆ
ਓਸ ਚਬਲ ਦੇ ਮਨ ਵਿਚ ਪ੍ਰਚੰਡ ਆ
ਐਨਾ ਚਿਰ ਹੋਇਆ ਜੋਤ ਵਿਚ ਕੰਮ ਕਰਦਿਆ
ਕਦੀ ਪ੍ਰਸ਼ਾਦ ਵੰਡੇ ਤੋ ਬਿਨਾ ਉਠੇ ਆ,
ਲੈ ਮੋਤਿਆ ਖਾ ਲਾ ਜਿੰਨਾ ਖਾਣਾ ਈ ।

ਜਦੋਂ ਦੋਜਕ ਨੂੰ ਜੀਵ ਜਾਂਦਾ ਮੂੰਹ ਕਾਲਾ ਹੁੰਦਾ ਜੇ
ਬੇਬੇ ਕਰਮੋ ਬਾਂਹ ਤੋ ਡਰਦੀ ਬਚਨ ਨਹੀਂ ਕਰਦੀ,
ਮਸਤਾਨੀ ਨਹੀ ਹੋਈ ਬਚਨ ਦੇਣ ਤਾਂ ਗਏ ਸਾਂ ਤੂੰ ਲੱਭੀ ਨਹੀ ।

ਸੇਵਾ ਪ੍ਰੇਮ ਸਿੰਘ ਵੜੀ ਹੋਈ ਸੀ, ਗਦ ਗਦ ਹੋ ਗਏ ਸਾਂ,

ਪ੍ਰਸਾਦ, ਪ੍ਰੇਮ ਸਿੰਘ ਅੱਗੇ ਪਲੰਘ ਤੇ ਹੁੰਦਾ ਸੀ ਕਿ ਨਹੀਂ,
ਪ੍ਰਸਾਦ ਸਾਡੇ ਪਲੰਘ ਤੇ ਜਰੂਰ ਰੱਖਿਆ ਕਰੋ,
ਖਾਲੀ ਨਾ ਰਹਿਣ ਦਿਆ ਕਰੋ,
ਜੇ ਆਪ ਵਾਂਡੇ ਵੀ ਚਲੇ ਜਾਈਏ ਤੇ
ਪਲੰਘ ਥੋਥਾ ਨਹੀਂ ਰਹਿਣ ਦੇਣਾ ਚਾਹੀਦਾ ।

ਅਮਲੀ ਕਿਥੇ ਆ
ਲੈ ਪ੍ਰਸ਼ਾਦ ਹੋਰ ਲੈ ਲਾ,
ਦਿਤਾ ਤਾਂ ਥੋੜਾ ਏ,
ਪਰ ਫੇਰਾ ਤਾਂ ਘਰੋ ਔਣ ਦਾ ਦੂਰਾ ਪਿਆ ਏ ਨਾ ।

ਸੰਗਤ ਕੋਈ ਗਈ ਤਾਂ ਨਹੀ
ਏਸੇ ਕਰਕੇ ਸਵੇਰ ਦੇ ਅਸੀ ਬੈਠੇ ਆ
ਕਿ ਸੰਗਤ ਨੂੰ ਸਿਰੋਪਾ ਦੇ ਕੇ ਤੋਰਾਂਗੇ ।

ਅਸੀ ਛਾਲਾਂ ਮਾਰ ਮਾਰ ਕੇ ਤੁਹਾਡੀਆ ਝੋਲੀਆ ਵਿਚ ਡਿਗਦੇ ਹਾਂ
ਤੇ ਤੁਸੀ ਕਿਉਂ ਨਹੀ ਜੇ ਡਿਗਦੇ ।

ਤੁਸੀ ਆਂਦੇ ਜੇ
ਪਾਤਸ਼ਾਹ ਤੁਸੀ ਸਦਾ ਵਾਸਤੇ ਸੰਗਤ ਵਿਚ ਏਸੇ ਤਰਾਂ ਰਹੁ,
ਸਾਨੂੰ ਅਮਲੀਆ ਸਦਾ ਵਾਸਤੇ ਤੁਸੀ ਝੱਲ ਨਹੀ ਸਕਦੇ ।

ਦੀਪ ਸਿੰਘ ਕੇਸ ਘੁੱਟ ਕੇ ਸਾਡੇ ਫੜ,
ਪ੍ਰੇਮ ਸਿੰਘ ਮਾਸਟਰ ਘੁੱਟ ਕੇ ਸਾਡੇ ਚਰਨ ਫੜੋ
ਤੇ ਸਾਨੂੰ ਪਲੰਘ ਤੇ ਲੈ ਚਲੋ ।

ਚਬਲ ਪੁਣਾ ਕਰਦੇ ਨੇ
ਤੁਹਾਨੂੰ ਕਿਨ ਘੱਲਿਆ
ਜਿਨੀ ਲੋੜ ਆ ਚੀਜ ਮੰਗ ਲਈ ਆ ।

ਤੁਹਾਡੇ ਵਾਸਤੇ ਭਰਮ ਭੁਲੇਖਾ ਰੱਖਿਆ ।
ਓਨਾਂ ਨੂੰ ਜਿੰਨਾਂ ਅਸੀ ਨਚੌਦੇ ਆਂ ਓਨਾ ਨੱਚਦੇ ਨੇ ।
ਅੰਮ੍ਰਿਤ ਵੇਲੇ ਦਾ ਅਸਾਂ ਪਾਸਾ ਨਹੀ ਵੱਟਿਆ ।

ਮਸਤਾਨੇ ਏਥੇ ਆ
ਮਸਤਾਨਿਆ ਵਿਚ ਏਨੀ ਸੁਰਤੀ ਨਹੀ ਹੁੰਦੀ
ਬਚਨ ਅਟਲ ਨਹੀਂ ਹੁੰਦੇ ।

ਦੀਪੇ ਨੇ ਇਕ ਬਚਨ ਸੰਗਤ ਵਿਚ ਪੁਛਿਆ ਏ ।
ਅਮਲੀਆ ਤੁਹਾਨੂੰ ਥਿਤਾ ਵਾਰਾਂ ਦਾ ਨਹੀਂ ਪਤਾ ।
੧੨ ਮਹੀਨਿਆ ਦਾ ਸਾਲ ਤੁਸਾਂ ਸੁਣਿਆ
ਕਦੀ ੧੩ ਮਹੀਨਿਆ ਦਾ ਨਹੀਂ ਸੁਣਿਆ ਹੋਣਾ ।

ਏ ਸੌਣ ਦੇ ਮਹੀਨਿਆਂ ਦਾ ਲੰਗਿਆ ਜੇ,
ਕਿਸੇ ਸਿਆਣੇ ਪੰਡਤ ਨੂੰ ਪੁੱਛ ਲਿਓ ਜੇ ।

ਸਾਡਾ ਜਿਹੜਾ ਬਚਨ ਸੰਗਤ ਵਿਚ ਮੁੱਖੋਂ ਨਿਕਲਦਾ
ਸਤ ਹੋਣਾ ਹੋਇਆ ।
ਇਕ ਵੇਰਾਂ ਮੁੱਖੋਂ ਨਿਕਲਿਆ ਫੇਰ ਨਹੀਂ ਮੁੜਨਾ,
ਏਨਾ ਫਰਕ ਹੁੰਦਾ ਜੇ ।
ਸਾਡਾ ਬਚਨ ਮੋੜਨਾ ਜਿਸ ਤਰਾ ਆਲ੍ਹਣੇ ਵਿਚੋਂ ਬੋਟ ਡਿਗ ਪਏ
ਤੇ ਫੇਰ ਆਲ੍ਹਣੇ ਵਿਚ ਨਹੀਂ ਵੜਦਾ ।
ਏਸੇ ਤਰਾਂ ਬਚਨ ਮੋੜਿਆ ਜਾਏ ਤੇ ਫੇਰ ਵੇਲਾ ਨਹੀਂ ਜੇ ਲੱਭਦਾ ।

ਏਸ ਤਰਾਂ ਜੇ ਦੋ ਚਾਰ ਮਸਤਾਨੇ ਹੋਣ
ਤਾਂ ਰੋਜ ਛਿਤਰ ਈ ਖਾਂਦੇ ਰਹੀਏ ।
ਈਸ਼ਰ ਛਿਤਰ ਤਾਂ ਨਹੀ ਨਾ ਖਾਂਦਾ ਫਿਰਦਾ ।

ਸੰਗਤ ਵਿਚ ਪਹਿਲੀ ਵੇਰ ਜਦੋਂ ਅਸੀਂ ਆਏ ਆ ਨਾ
ਅਮਲੀਆ, ਸੂਰਤ ਨੇ ਵੀ ਸਾਨੂੰ ਮਸਤਾਨਿਆ ਸਮਝਿਆ ਸੀ ।
ਆਂਦਾ ਵੱਡਾ ਮਸਤਾਨਾ ।
ਦੋ ਤਿੰਨ ਸਾਨੂੰ ਮਾਰੀਆਂ
ਤੇ ਅਮਲੀਆ ਅਸਾਂ ਫੇਰ ਵੀ ਗਲ ਨਾਲ ਲਾ ਲਿਆ ।

ਸੂਰਤ ਨੂੰ ਲਿਆਓ । ਚੇਤ ਸਿੰਘ, ਲੀੜਾ ਵਛਾ ਦਿਓ ।
ਹੇਠਾਂ ਨੈਣੋ ਦੁੱਧ ਲਿਆ ।

ਮਿਹਰ ਤਾਂ ਅਸੀ ਕਰਦੇ ਆਂ, ਗੁਣ ਵੀ ਪਾਇਆ ਕਰੋ ।
ਮੋਤੇ ਨੂੰ ਅਮਲੀਆ ਲਿਆਓ ।

ਤੁਸੀਂ ਸਵੇਰੇ ਉਠਕੇ ਆਪਣੇ ਵਿਹਾਰਾ ਤੇ ਭੱਜਗੇ
ਤੇ ਅਸੀਂ ਆਪਣੇ ਵਿਹਾਰਾਂ ਤੇ ਲੱਗ ਪਏ ।
ਤੁਸੀਂ ਸ਼ਬਦਾਂ ਤੋਂ ਛੁੱਟੇ ਤੇ ਸੌਂ ਗਏ ਤੇ ਅਸੀਂ ਉਠਕੇ ਬਹਿ ਗਏ ।

ਆਖਿਆ, ਛੇਤੀ ਕਰੋ, ਐਥੋਂ ਥਾਂ ਦਿਓ
ਮਾਸ਼ਟਰ ਐਥੇ ਆ ਕੇ ਚੌਰ ਫੜ
ਸਾਡੇ ਤਿੰਨਾਂ ਤੇ ਚੌਰ ਕਰ ।

ਪ੍ਰਾਤ ਰੱਖੀ,
ਦੁੱਧ ਲਿਆਓ ਸਾਡੇ ਚਰਨਾਂ ਤੇ ਪਾਓ ।
ਵੇਖੋ ਸਤਿਜੁਗ ਹੁੰਦਾ ਚਿਟਾ ਦੁੱਧ ਹੁੰਦਾ ਜੇ ।
ਏਸੇ ਕਰਕੇ ਅਸਾਂ ਓਦਣ ਦੁੱਧ ਮੰਗਾ ਲਿਆ ਸੀ ।

ਅਮਲੀਆ ਆ ਕੀ ਜੇ ?
*ਪਾਤਸ਼ਾਹ, ਲੂਣ ਜਾਪਦਾ ।*
ਵੇਖਿਓ ਗੰਗੂ ਵਾਂਗੂੰ ਨਿਮਕ ਹਰਾਮੀ ਨਾ ਹੋ ਜਾਇਓ ।
ਜੇ ਹੋਰ ਗੁਣ ਭਾਵੇਂ ਸਾਰੇ ਗੁਵਾ ਦੇਈਏ
ਤੇ ਨਿਮਕ ਹਰਾਮੀ ਨਾ ਬਣੀਏ ।

ਸੰਗਤਾਂ ਬਾਬੇ ਹੋਰਾਂ ਨੂੰ ਲੈਣ ਗਈਆਂ
ਸਾਥੋਂ ਪੁੱਛ ਕੇ ਨਹੀਂ ਗਈਆਂ
ਤੇ ਦਰਬਾਰ ਤੇ ਮੱਥਾ ਟੇਕ ਕੇ ਵੀ ਨਹੀਂ ਗਏ ।
ਵੇਹੜਾ ਸਖਣਾ ਵੇਖਕੇ ਅੰਦਰ ਕੁੱਤਾ ਵੀ ਫਿਰ ਜਾਂਦਾ ਏ ।
ਏਨਾ ਵਿਹਾਰ ਕਰਨਾ ਸੀ ਤੇ ਸੰਗਤਾਂ ਤੋਰ ਦੇਣੀਆ ਸੀ ।
ਵੇਖਿਓ ਕਿਤੇ ਬੇੜਾ ਗਰਕ ਨਾ ਕਰਾ ਲਿਓ ਜੇ ।

ਇਹ ਬੈਠੇ ਜੇ ਸੋਲਾਂ ਕਲਾਂ ਸੰਪੂਰਨ ।
ਜੋ ਮੰਗੋਗੇ ਅਮਲੀਆ ਸੋ ਦੇਣਗੇ ।

ਗੁਰੂ ਕਾ ਲੰਗਰ ਵੀ ਸਿਖ ਚਲੌਂਦੇ ਨੇ,
ਗੁਰੂ ਆਪ ਥੋੜਾ ਕੁਛ ਕਰਦਾ ਏ ।

ਤੁਹਾਨੂੰ ਸੰਗਤੇ ਤੀਜਾ ਬਚਨ ਕੀਤਾ,
ਜਿਨ ਫੇਰ ਭੱਜਣਾ ਹੁਣੇ ਬਾਹਰ ਹੋ ਜੋ ।
ਇਹ ਅੰਮ੍ਰਿਤ ਤੁਹਾਨੂੰ ਛਕੌਣਾ ਜੇ ।
ਅਗਲੇ ਅੰਮ੍ਰਿਤ ਨਾਲੋਂ ਹੁਣ ਏਨਾ ਫਰਕ ਜੇ ।

ਅਸੀ ਆਉਂਦੇ ਤਾਹੀਏ ਆ ਜੇ ਸਿਖਾਂ ਦਾ ਪ੍ਰੇਮ ਹੋਵੇ ਤੇ ਨਹੀ ।
ਤੇ ਸਾਡਾ ਕਿਸੇ ਕੀ ਕਰ ਲੈਣਾ ।

ਅਸਾਂ ਦੇਹ ਛੱਡੀ ਤੇ ਫੇਰ ਆਣਕੇ
ਚੰਗਾ ਅੱਗੇ ਨਾਲੋਂ ਦਿਨ ਮਨਾ ਲਿਆ ਸੀ ।

ਜੀਊਣ ਸਿੰਘ ਤੂੰ ਵੀ ਅੰਮ੍ਰਿਤ ਲੈਜੀਂ
ਭਾਵੇਂ ਇਕ ਇਕ ਬੂੰਦ ਛਕ ਲਿਓ ਜੇ ।

ਹੁਕਮ ਦੇਣ ਵਾਲਾ ਹਮੇਸ਼ਾ ਵਾਸਤੇ ਆਪ ਤੋਂ ਛੋਟੇ ਨੂੰ ਹੁਕਮ ਦੇਂਦਾ ਏ ।

ਸੂਰਤ ਸਾਨੂੰ ਨਹੀ ਦੀਹਦਾ ।
ਅਸੀ ਸਿੱਖਾਂ ਨੂੰ ਹੁਕਮ ਦੇਨੇ ਆਂ ਤੇ ਇਹ ਅਗਾਂ ਓਨਾਂ ਨੂੰ ਦੇਂਦੇ ਨੇ ।
ਓਹ ਤਾਂ ਐਸ ਵੇਲੇ ਦੋਵੇ ਜਣੇ ਸ਼ਹਿਨਸ਼ਾਹ ਬਣੇ ਬੈਠੇ ਨੇ ।
ਸੂਰਤ ਸਿੰਘ ਦੋਵੇਂ ਜਣੇ ਪ੍ਰਸਾਦ ਛਕ ਲਓ ਰੱਜ ਕੇ ।
ਤੁਸੀਂ ਛਕ ਲਓ ਤੇ ਸਾਨੂੰ ਵੀ ਗੱਫਾ ਦਿਓ ।

ਸੰਗਤ ਨੂੰ ਗੱਫਾ ਤਾ ਵੜਾ ਮਿਲਦਾ ਝੱਲ ਨਹੀਂ ਸਕਦੇ ।

*ਪਾਤਸ਼ਾਹ ਮਾਸ਼ਟਰ ਦਾ ਬਚਨ ਪੂਰਾ ਕਰ ਦਿਓ ।*
ਚੰਗਾ ਮੋਤਿਆ ਗੰਜੇ ਨੂੰ ਛੱਡ ਦੇਈਏ ਫੇਰ ਮਾਸ਼ਟਰ ਨੂੰ ਦੱਸ ਦਿਆਂਗੇ ।
*ਬੜਾ ਚਿਰ ਹੋ ਗਿਆ ਪਾਤਸ਼ਾਹ ਬੀਬੀ ਸੇਵੀ ਤੇ ਵੀ ਮੇਹਰ ਕਰੋ ।*
ਸੇਵੀ ਨੂੰ ਆਖਿਆ ਕਰਮ ਦੋਵਾਂ ਦੇ ਲੜਦੇ ਨੇ ਤੇ ਦੋਵੇਂ ਅਰਜ ਕਰਨ ।
*ਸੇਵੀ ਰੌਂਦੀ ਵੜਾ ਏ ਆਂਦੀ ਆ ਪਾਤਸ਼ਾਹ ਮੈਂ ਵੜੀ ਔਖੀ ਆਂ ।*
ਬਚਨ ਸਤ ਹੋ ਗਿਆ ।

ਸੇਵੀ ਨੂੰ ਵੀ ਦਿਆਂਗੇ,
ਫੌਜੇ ਦੀ ਵੌਹਟੀ ਦਾ ਮਾਸ਼ਟਰ ਕੀ ਹਾਲ ਸੀ,
ਦਇਆ ਕਰਦਿਆਂ ਡੇਰ ਨਹੀਂ ਲੱਗਦੀ ।
ਅਸਾਂ ਬਾਰ ਵਿਚ ਆਖਿਆ
ਜੇ ਫੌਜੇ ਦੇ ਤੇ ਪ੍ਰੀਤੇ ਦੇ ਪੁੱਤ ਨਾ ਹੋਣ
ਤੇ ਸਾਡਾ ਬਚਨ ਝੂਠਾ ਮੰਨਿਓ ਜੇ ।
ਤੇ ਸਾਡਾ ਪਲੰਘ ਚੁੱਕ ਕੇ ਤੇ ਬਾਹਰ ਮਾਰਿਓ ਜੇ ।

ਬਾਰ ਵਾਲੀ ਸੰਗਤ ਤੇ ਵੜੀ ਦਇਆ ਏ,
ਪਾਣੀ ਦੀ ਘੁੱਟ ਤੇ ਪੁੱਤ ਲੈ ਲੈਂਦੇ ਨੇ ।

ਰਣਜੀਤ ਕੌਰ ਦੇ ਘਰ ਕਾਕਾ ਹੋਇਆ,
ਅਸਾਂ ਪਹਿਲੋਂ ਦੱਸਿਆ ਕੋਈ ਦੱਸਦਾ ਨਹੀਂ ।
ਜਰਮ ਤੋ ਪੰਜ ਮਿੰਟ ਅਗਦੀ ਦਰਬਾਰ ਦਾ ਬੂਹਾ ਖੋਲਤਾ ਸੀ ।
ਪੁੱਤ ਦੇਣ ਵਾਲੀ ਕੋਈ ਵੱਡੀ ਗੱਲ ਨਹੀਂ ।
ਸਾਡਾ ਨਾ ਲਿਖਕੇ ਦੇ ਦਈਏ ਤੇ ਦਇਆ ਹੋ ਗਈ ।

ਸਾਡਾ ਨਾਂ ੫ ਵੇਰਾਂ ਲੈ ਕੇ ਅੰਮ੍ਰਿਤ ਛਿੜਕਿਆ
ਤੇ ਬੱਚਾ ਨਵਾ ਨਿਰੋਆ ਹੋ ਗਿਆ ਸੀ ।

ਫੌਜੇ ਦੀ ਵੌਹਟੀ ਨੂੰ ਦਾਈਆਂ ਜਵਾਬ ਦੇਤਾ ਸੀ
ਤੇ ਅਸਾਂ ਬਚਨ ਕੀਤਾ ਸਾਡੇ ਦਰਬਾਰ ਵਿਚ ਖੜ ਕੇ ਸੁੱਟ ਦਿਓ
ਤੇ ਮਿਹਰ ਹੋ ਗਈ ਸੀ ।

ਅਮਲੀਆ ਤੇਰਾ ਪੁੱਤ ਆ ਤੇਰਾ ਵੜਾ ਮਾਣ ਰੱਖਦਾ ਹੋਣਾ ।
ਗੰਜਿਆ ਇਕ ਬੌਲਦ ਆਪਣੇ ਹੱਥਾਂ ਨਾਲ ਸੂਰਤ ਹੋਰਾਂ ਨੂੰ ਦੇ ਦਿਓ,
ਲੰਗਰ ਵਿਚ ਆਟੇ ਦੀ ਸੇਵਾ ਕਰੋ ।
ਗੋਕਾ ਬੜਾ ਚੰਗਾ ਹੁੰਦਾ ਏ ।

ਆਪਣੇ ਆਪ ਜਿਹਨੂੰ ਚੀਜ ਦੇ ਦੇਈਏ
ਓਹ ਭਲਕੇ ਲੱਤਾਂ ਮਾਰਦਾ, ਮੈਕੀ ਜਾਂਦਾ ।

ਜਿੰਨੀ ਮਿਹਰ ਅਮਲੀਆ ਤੇਰੇ ਤੇ ਆ ਇਹਨੀ ਕਿਸੇ ਤੇ ਨਹੀਂ ਹੋਣੀ ।
ਅਸਾਂ ਬਚਨ ਕੀਤਾ ਦਰਗਾਹ ਵਿਚ ਸਾਰਿਆ ਨੂੰ ਮਾਣ ਦਿਆਂਗੇ ।

ਹਾੜ ਦੀ ਪਹਿਲੀ ਨੂੰ ਅਸੀਂ ਆਏ ਸਾਂ
ਤੇ ਕੋਟੇ ਜਾਣ ਵਾਸਤੇ ਬਚਨ ਕੀਤਾ ਸੀ ।

ਹੁਣ ਕਿਧਰ ਜਾਂਦਾ ਜੇ ਦੱਸ ਬਾਕੀ ਕੋਈ ਨਹੀਂ ਰਹਿਗੀ ।
ਸੇਵੀ ਸਭ ਕੁਛ ਲੈ ਗਈ ਆ ।

ਬਾਰ ਕੀ ਜਾਣਾ ਏਥੇ ਕੰਮ ਮਿਲਦਾ ਤੇ ਕਰੋ ।
ਮਾਇਆ ਵੀ ਘਰ ਨਾ ਹੋਵੇ ਤੇ ਪੂਰਾ ਕਲੇਸ ਹੁੰਦਾ ਏ ।

ਜਿਸ ਤਰਾਂ ਤੇਰਾ ਗੁਵਾਚਾ ਓਸੇ ਤਰਾਂ ਲੱਭਜੂ
ਅਗੇ ਤੂੰ ਬੇਨਤੀ ਨਹੀ ਕੀਤੀ ਏਹ ।

ਆਪਣਾ ਆਪ ਸੋਧ ਲਈਏ ਤੇ ਆਖੀਏ
ਦੁਨੀਆ ਵਿਚੋਂ ਇਕ ਪਾਪੀ ਘਟ ਗਿਆ ਏ ।

ਅਸੀਂ ਏਨ੍ਹਾਂ ਨੂੰ ਛੇਤੀ ਛੇਤੀ ਦਰਸ਼ਨ ਦਿਆਂਗੇ,
ਸਭ ਕੁਛ ਵਖਾਵਾਂਗੇ ਤੇ ਆਪੇ ਮੰਨੀ ਜਾਣਗੇ ।

ਛੰਗਾਰ ਸਿੰਘ ਲੰਗਰ ਤੁਹਾਡਾ ਏਦੂੰ ਵੀ ਚੜਦੀਆਂ ਕਲਾਂ ਵਿਚ ਹੋ ਜੂ
ਲੰਗਰ ਦੇਣ ਵਾਲੇ ਨੂੰ ਏਹ ਤੌਫੀਕਾਂ ਜੇ ।

ਤੁਹਾਨੂੰ ਏਨੀ ਸੋਝੀ ਆ
ਬਚਨ ਵਧ ਘਟ ਹੁੰਦੇ ਨੇ ਤੇ ਕਰਦੇ ਕਿਉਂ ਜੇ ।

ਮੋਤਿਆ, ੨੫ ਰੁਪੈ ਲੰਗਰ ਦੀ ਸੇਵਾ ਗੁਲਾਬ ਕੌਰ ਮੰਨੀ ਜੇ

ਅਸੀਂ ਨਹੀਂ ਥੱਕੇ ਤੇ ਮਸਤਾਨੇ ਕਿਉਂ ਥੱਕਗੇ ਨੇ ।
ਸਵੇਰ ਦਾ ਕੁਛ ਕੀਤਾ ਨਹੀਂ ।

ਚਬਲੇ ਲੋਕੀ ਦਾਤਾਂ ਮੰਗਦੇ ਸੀ ਤੇ ਤੇਰਾ ਰੋਣ ਤੇ ਜੋਰ ਸੀ ।
ਏਥੇ ਤਾਂ ਸਦਾ ਬਸੰਤ ਰੁੱਤ ਰਹਿਣੀ ਹੋਈ
ਗਰਮੀ ਤਾਂ ਔਣੀ ਨਾ ਨ ਹੋਈ ।
ਏਹ ਦਰ ਰੋਣ ਵਾਲਾ ਨਹੀਂ ਜੇ ।

ਜਦੋਂ ਦੀ ਕਰਮੋਂ ਦੀ ਬਾਂਹ ਭੱਜੀ, ਮਸਤਾਨੀ ਨਹੀਂ ਹੋਈ ।

*ਤੁਸੀਂ ਸੱਚੇ ਪਾਤਸ਼ਾਹ ਬਚਨ ਨਹੀਂ ਦੇਂਦੇ ।*
ਅਸੀਂ ਤਾਂ ਦੱਸਦੇ ਆ ਤੁਸੀਂ ਨਹੀਂ ਜੇ ਸਮਝਦੇ ।

ਏਥੇ ਆ ਕੇ ਝੂਠ ਨਾ ਬੋਲਣ ਤੇ ਸਭ ਕੁਛ ਬਖਸ਼ਿਆ ਜਾਂਦਾ ਏ ।
ਏਥੇ ਤਾਂ ਅਮਲੀਆ ਕੁਲਾਂ ਬਖਸ਼ੀਆਂ ਜਾਦੀਆਂ ਨੇ ।

ਅਮਲੀਆ ਅਸਾਂ ਆਖਿਆ ਅਸੀਂ ਉਠਦੇ ਅਜੇ ਕਿਉਂ ਨਹੀਂ,
ਪ੍ਰਸਾਦ ਅਸਾਂ ਅਜੇ ਵਰਤਾਇਆ ਨਹੀਂ ।

ਸਾਨੂੰ ਪਤਾ ਇੰਦਰ ਸਿੰਘ ਤੂੰ ਖਾਲੀ ਸਾਂ
ਤੈਨੂੰ ਅਸਾਂ ਔਦਿਆਂ ਰਜਾ ਦਿਤਾ ਏ ।

ਜਦੋਂ ਅਸੀਂ ਬੁੱਗੀ ਆਏ ਸਾਰੀ ਰਾਤ ਤੈਨੂੰ ਲੱਭਦੇ ਰਹੇ ਹਾਂ,
ਦਰਸ਼ਨਾ ਵਾਸਤੇ, ਤੂੰ ਲੱਭਾ ਨਹੀਂ,
ਸਾਰੀਆਂ ਸੰਗਤਾਂ ਅਸਾਂ ਦਰਸ਼ਨਾਂ ਵਾਸਤੇ ਸੱਦੀਆ ਨੇ ।

ਅਮਲੀਆ ਅੱਜ ਸਿਖੀ ਦੀ ਨਵੀਂ ਨੀਂਹ ਰੱਖੀ ਆ ।
੯ ਸੀਸ ਅੱਗੇ ਦਿਤੇ ਸੀ ਜਿਦਣ ਸਿਖੀ ਪਰਖੀ ਸੀ ।

ਏਸੇ ਖੂਨ ਵਿਚ ਤੁਹਾਨੂੰ ਰੰਗ ਦਿਆਂਗੇ ।

ਅੱਜ ਵਾਲੀ ਜਿਹੜੀ ਕਾਰ ਆ ਦੁਨੀਆ ਵਿਚੋਂ ਨਹੀ ਭੁੱਲਣੀ ।

ਪੀੜ ਹੋਊ ਤੇ ਤੁਸੀਂ ਹਟਾ ਲੋਂਗੇ, ਜਰਿਆ ਕਿਉਂ ਨਹੀਂ ਜਾਂਦਾ ।
ਅਸਾਂ ਓਦੋ ਦਾ ਇਕ ਵੇਰਾਂ ਰਸਨਾ ਵਿਚੋਂ ਨਹੀਂ ਆਖਿਆ
ਕਿ ਮਾੜੀ ਗੱਲ ਹੋਈ ਆ ।

ਅਮਲੀਆ ਏਨਾਂ ਥਾ ਪਾੜਕੇ ਸਾਰੀ ਸ੍ਰਿਸ਼ਟੀ ਪਾੜ ਸੁਟੀ ਆ,
ਬੱਚਿਆ ਤੇਰੀ ਦੇਹ ਨੂੰ ਦੁੱਖ ਹੋਇਆ
ਦਿਲ ਨੂੰ ਦੁੱਖ ਨਹੀਂ ਅਸਾਂ ਹੋਣ ਦਿਤਾ ।

ਤੈਨੂੰ ਮੋਤਿਆ ਅਸੀਂ ਸ਼ੇਰ ਬਣਾਦਾਂ ਗੇ ।

ਅਮਲੀਆ ਰਾਤੀ ਆਖਿਆ ਅਸਾਂ ਮੋਤਿਆ ਅੱਜ ਦਾ ਦਿਨ ਆ
ਤੂੰ ਸਾਡੇ ਨਾਲ ਪਲੰਘ ਤੇ ਲੰਮਾ ਪਿਆ ਏ
ਕਿਸੇ ਨੂੰ ਚੰਗੀ ਮਾੜੀ ਗਲ ਨਾ ਆਖੀਂ,
ਸਾਨੂੰ ਪੂਰੀ ਕਰਨੀ ਪੈਂਦੀ ਆ ।
ਹੱਸ ਕੇ ਵੀ ਕੁਛ ਨਾ ਆਖੀ ।

ਇਹ ਤਾਂ ਗੱਲ ਕੁੱਛ ਨਹੀਂ ਅਮਲੀਆ, ਚਾਰ ਦਿਨਾਂ ਵਿਚ ਰਾਜੀ ਹੋ ਜੂ,

ਤੁਸੀਂ ਨਾਂ ਨਾ ਲਓ ਏਸ ਗਲ ਦਾ,
ਇਹ ਬਚਨ ਕਰਨ ਵਾਲਾ ਨਹੀਂ ਜੇ,

ਇਹ ਤਾਂ ਅਮਲੀਆ ਅਸਾਂ ਸ਼ੇਰ ਪਾਲਿਆ ।

ਬੀਬੀ ਭਾਨੀ ਸੀ ਤੇ ਓਹਦਾ ਪਿਤਾ ਇਸ਼ਨਾਨ ਕਰਦਾ ਸੀ
ਤੇ ਚੌਕੀ ਦਾ ਪਾਵਾ ਟੁੱਟ ਗਿਆ ।
ਬੀਬੀ ਨੇ ਚੁੱਪ ਕਰਕੇ ਆਪਣੀ ਬਾਂਹ ਚੌਕੀ ਹੇਠਾਂ ਦੇ ਦਿਤੀ
ਲਹੂ ਦੀ ਤਤੀਰੀ ਛੁੱਟ ਪਈ ।
ਤੇ ਇਸ਼ਨਾਨ ਕਰਕੇ ਵੇਖਿਓ ਨੇ ਤੇ ਖੁਸ਼ ਹੋ ਕੇ ਆਖਣ ਲੱਗੇ
ਬੀਬੀ ਮੰਗ ਜੋ ਮੰਗਣਾ ਈ ।
ਹੱਥ ਜੋੜਕੇ ਆਖਣ ਲੱਗੀ ਪਿਤਾ ਜੀ ਘਰ ਦੀ ਘਰ ਵਿਚ ਈ ਰਹਿਜੇ
ਤੇ ਫੇਰ ਚੌਥੀ ਪਾਤਸ਼ਾਹੀ ਨੂੰ ਗੱਦੀ ਮਿਲੀ ਸੀ ।

ਐਨਾ ਬਚਨ ਓ ਆਖੇ ਅਮਲੀਆ ਜਿਹਨੂੰ ਪਤਾ ਹੋਵੇ ।
ਅਸੀ ਤਾਂ ਅਮਲੀਆ ਬਚਨ ਬਚਨ ਨਾਲ ਦੱਸਦੇ ਰਹਿੰਦੇ ਆਂ,
ਤੁਹਾਨੂੰ ਪਤਾ ਨਹੀਂ ਕੀ ਕਰਦੇ ਨੇ ।

ਈਸ਼ਰ ਅਮਲੀਆ ਦੁੱਖ ਸੁੱਖ ਤੋਂ ਨਿਰਲੇਪ ਹੁੰਦਾ ਏ ।
ਸਿੱਖਾਂ ਦਾ ਕਸ਼ਟ ਅਸੀਂ ਸਾਰਾ ਝੱਲ ਰਹੇ ਹਾਂ ।
ਕਲ ਸਵੇਰੇ ਪਹਿਲੋਂ ਖੱਬਾ ਚਰਨ ਫੜਾਇਆ ਤੇ ਫੇਰ ਸੱਜਾ,
ਕੇਸ ਫੜਾਕੇ ਆਖਿਆ ਸਾਨੂੰ ਪਲੰਘ ਤੇ ਚੁੱਕ ਕੇ ਮਾਰੋ ।
ਤੁਸਾਂ ਅਰਜ ਨਾ ਕੀਤੀ ਕਿ ਪਾਤਸ਼ਾਹ ਏ ਕੀ ਕਾਰਨ ਜੇ ।

ਸਿਖਾਂ ਤੇ ਤਾਂ ਅਸਾਂ ਅੱਗੇ ਵੜੀ ਦਇਆ ਕੀਤੀ ਆ ।
ਅਮਲੀਆ ਕਿਤੇ ਇਕ ਸਿਖ ਦਾ ਕਸ਼ਟ ਝੱਲਿਆ,
ਬੱਲੇ ਬੱਲੇ ਤੇ ਧੰਨ ਧੰਨ ਆਖੋ ।
ਤੁਹਾਨੂੰ ਅਮਲੀਆ ਏ ਵੱਡੀਆ ਖੁਸ਼ੀਆਂ ਹੋਣੀਆ ਚਾਹੀਦੀਆ ਨੇ ।

ਜਿਸ ਤਰਾਂ ਨੌਂਵੇ ਪਾਤਸ਼ਾਹ ਧਰਮ ਦੀ ਚਾਦਰ ਬਣੇ ਸੀ
ਏਸੇ ਤਰਾਂ ਚਿਟਾ ਦੁਧ ਹੋ ਗਿਆ ਜੇ ।
ਤੇਗ ਬਹਾਦਰ ਦੇ ਕੋਲ ਕੋਈ ਨਹੀ ਸੀ,
ਏਥੇ ਤਾਂ ਮਗਰ ਬੈਠੇ ਸਾਂ ।

ਸਿਖਾਂ ਨੂੰ ਅਮਲੀਆ ਏਸੇ ਕਰਕੇ ਦ੍ਰਿੜ ਕਰ ਰਹੇ ਹਾਂ
ਕਿ ਸਿਖੋ ਅਸੀਂ ਤੁਹਾਡੇ ਤੋਂ ਸਭ ਕੁਛ ਵਾਰੀ ਬੈਠੇ ਜੇ ।
ਆਪ ਕਸ਼ਟ ਝੱਲਾਗੇ ਸਿਖਾਂ ਨੂੰ ਤੱਤੀ ਵਾ ਨਾ ਲੱਗਣ ਦਿਆਂਗੇ ।
ਅਮਲੀਆ ਸਾਡਾ ਈ ਕੰਮ ਜੇ ਏਸ ਸਰੀਰ ਨੂੰ ਰੱਖ ਜਾਣਾ ।

ਮੋਤੇ ਨੇ ਸਾਨੂੰ ਸੰਤਰਾ ਫੜਾਇਆ
ਤੇ ਪੁਛਿਆ ਪਾਤਸ਼ਾਹ ਇਹ ਕੀ ਕਾਰਨ ਜੇ ।
ਅਸਾਂ ਫੜਕੇ ਨਚੋੜ ਦਿਤਾ ਤੇ ਆਖਿਆ
ਸਾਰੀ ਦੁਨੀਆ ਨਚੋੜ ਦਿਤੀ ਆ ।

ਸਾਡਾ ਖੱਬਾ ਚਰਨ ਕਿਨ ਫੜਿਆ ਸੀ,
ਮਾਸ਼ਟਰ, ਓਦੋਂ ਅਸਾਂ ਆਖਿਆ ਸੀ
ਜੇਹੜੇ ਸਾਡੇ ਚਰਨ ਤੇ ਨਿਸ਼ਾਨ ਸੀ
ਏਸ ਖੂਨ ਦਾ ਵੇਖਿਓ ਕੀ ਬਣਦਾ ਏ ।
ਸੰਸਾਰ ਵਾਸਤੇ ਚਰਚਾ ਹੁੰਦੀ ਆ

ਬਾਰ ਵਿਚ ਏਥੋਂ ਖਬਰ ਜਾਣ ਤੋਂ ਪਹਿਲਾਂ ਦੱਸਿਆ
ਕੇ ਆਹ ਕਾਰਨ ਹੋ ਗਿਆ ਜੇ ।

ਈਸ਼ਰ ਡੋਲਣ ਵਾਲੀ ਚੀਜ ਨਹੀਂ ਜੇ ।

ਅਮਲੀਆ ਇਹ ਕਾਰਨ ਈ ਬੜਾ ਵੱਡਾ ਸੀ,
ਸੰਤਰਾ ਤੇ ਧਰਤੀ ਇਕੋ ਨੇ
ਏਨਾਂ ਵਿਚ ਭੇਤ ਨਹੀਂ ਤੇ ਧਰਤੀ ਦਾ ਉਲਟੌਣਾ ਥੋੜਾ ਨਹੀਂ ।

ਚੇਤ ਦੀ ਪਹਿਲੀ ਨੂੰ ਆਖਿਆ ਸੀ
ਵੱਡਾ ਕਾਰਨ ਜੇ ਅਸੀਂ ਏਸੇ ਕਰਕੇ ਅਜੇ ਜਾਂਦੇ ਨਹੀਂ
ਜਿੰਨਾਂ ਚਿਰ ਕਾਰ ਨਾ ਭੁਗਤਾ ਲਈਏ ।
ਦਿਨੋ ਦਿਨ ਨਵੀਂ ਤੋਂ ਨਵੀਂ ਕਾਰ ਹੁੰਦੀ ਆ ।
ਤੁਹਾਨੂੰ ਪਤਾ ਨਹੀਂ ਪਰਸੋਂ ਅਸਾਂ ਜੇਹੜੀ ਖੇਡ ਵਰਤਾਈ ਸੀ
ਤੁਹਾਨੂੰ ਚੌਪਦਾਰ ਬਣਾਇਆ ਸੀ ਤੇ ਆਖਿਆ ਸੀ
ਇਹ ਸੱਚਾ ਢੋਆ ਜੇ ਤੇ ਸਚਖੰਡ ਵੀ ਏਹੋ ਜੇ
ਤੇ ਸਿਖੋ ਕੁਛ ਲੈਕੇ ਜਾਇਓ ਜੇ ।

ਅਮਲੀਆ, ਇਹ ਵਰਾਂ ਦਾ ਦਾਤਾ ਜੇ,
ਜੋ ਏਥੇ ਮੂੰਹੋ ਮੰਗੇ ਸੋ ਮਿਲੇਗਾ ।

ਪਰਸੋਂ ਅਸੀਂ ਏਸੇ ਕਰਕੇ ਮਾਰ ਕੇ ਛਾਲ ਔਹ ਚਲੇ ਗਏ ਸਾਂ ।

ਸਾਨੂੰ ਅਮਲੀਆ ਅਜੇ ਦਾਗ ਆ ਜਿਥੇ ਚਬਲ ਨੇ ਚੂੰਡੀ ਵੱਢੀ ਆ ।
ਸਾਨੂੰ ਪੀੜ ਤਾਂ ਨਹੀਂ ਸੀ ਹੋਣੀ ਮਾਸ ਤਾਂ ਕੱਠਾ ਹੋਈ ਜਾਣਾ ਸੀ ।
ਅਸਾਂ ਓਦੋਂ ਆਖਿਆ ਤੁਹਾਡੇ ਮਗਰੋਂ ਇਹ ਕਲੰਕ ਲਾਹ ਦਿਤਾ ਜੇ ।
ਅਸਾਂ ਆਖਿਆ ਇਹ ਸਿਖੀ ਵਿਚ ਨਾ ਔਣ ਜੋਗਾ ਰਹੇ,
ਅਸਾਂ ਸਵੇਰੇ ਮਾਸ਼ਟਰ ਨੂੰ ਆਖਿਆ ਸੀ ਕਿ ਅਸਾਂ ਸ਼ਾਮ ਨੂੰ ਆ ਜਾਣਾ ਜੇ,
ਜਿੰਨਾਂ ਚਿਰ ਕਲੰਕ ਨਾਲ ਜਾ ਕੇ ਨਹੀਂ ਲਾਇਆ ਅਸੀ ਗਏ ਨਹੀਂ,
ਤੇ ਅਸੀ ਏਥੇ ਸਾਂ ਤੇ ਅਸੀਂ ਕੋਲ ਸਾਂ,
ਅਸਾਂ ਆਖਿਆ ਜੇ ਏਥੇ ਪ੍ਰਗਟ ਹੋ ਗਏ ਤੇ ਫੇਰ ਮੇਲਾ ਲੱਗ ਜਾਣਾ ਜੇ ।

ਬਚਨ ਦੱਸਣ ਦੀ ਤਾਂ ਸਿੱਖਾਂ ਨੂੰ ਲੋੜ ਹੋਈ,
ਦੂਜਿਆ ਨੂੰ ਤਾਂ ਹਾਲੀ ਦੱਸਣਾ ਵੀ ਨਾ ਨ ਹੋਇਆ ।
ਚਬਲ ਸਾਨੂੰ ਧੱਫੇ ਵੀ ਮਾਰਦਾ ਰਿਹਾ ਜੇ
ਸਾਨੂੰ ਕਿਹੜੀ ਸੱਟ ਲੱਗ ਜਾਣੀ ਸੀ ।

ਦੀਪਿਆ ਏਸ ਚਬਲ ਦਾ ਅਸਾਂ ਆਖਿਆ ਤੈਨੂੰ ਇਕ ਪੈਸਾ ਨਹੀਂ ਦੇਣਾ ।
ਦਰਬਾਰ ਵਿਚ ਬਚਨ ਕੀਤਾ ਸਤ ਹੁੰਦਾ ਜੇ ।

ਪੂਰਨ ਸਿੰਘ ਦੀ ਦੇਹ ਜਦੋਂ ਏਥੇ ਹੋਵੇ ਅਸੀਂ ਹਾਜਰ ਹੁੰਦੇ ਜੇ
ਤੁਹਾਥੋਂ ਓਹਲਾ ਹੁੰਦਾ ਜੇ ।

ਕਿਨੀ ਬੇਰਸੀ ਕੀਤੀ ਸੀ ।
ਅਮਲੀਆ ਹਲਕਿਆ ਕੁੱਤਾ ਸੰਗਤ ਵਿਚ ਆਣ ਵੜਿਆ ਸੀ
ਅਸਾਂ ਵੇਖਿਆ ਕਿਸ ਤਰਾਂ ਮਗਰੋਂ ਲਾਹਿਆ
ਤੇ ਸਾਡੇ ਚਰਨਾਂ ਵਿਚ ਖਲੋ ਕੇ ਵਰ ਮੰਗਿਆ
"ਖਾਲੀ ਜਾਵਾਂ ਕਿਸ ਤਰਾਂ ਤੇਰੇ ਦਰ ਆ ਕੇ ਸਾਈਆਂ" ।
ਪੜ੍ਹਦਾ ਤਾਂ ਅਮਲੀਆ ਸ਼ਬਦ ਸੀ ਪਰ
ਨਿਰਾ ਹੰਕਾਰ ਦਾ ਭਰਿਆ ਹੋਇਆ ਸੀ ।
ਅਸਾਂ ਵੀ ਆਖਿਆ ਹੁਣ ਖਾਲੀ ਨਾ ਜਾਵੇ ।

ਤੁਸੀਂ ਅਮਲੀਆ ੧੦੦ ਸਾਲ ਦੇ ਜੇ ਤੁਹਾਨੂੰ ਅਸੀਂ ਗੋਦ ਵਿਚ ਲੈ ਕੇ
ਮਸਤਕ ਚੁੰਮੀਏ ਤੇ ਸਾਨੂੰ ਲੇਪ ਨਹੀਂ ।
ਤੁਹਾਨੂੰ ਮਾਣ ਦੇਣ ਵਾਲੇ ਅਸੀਂ ਹਾਂ
ਜਿੰਨੀ ਸਾਡੀ ਕੋਈ ਨਿੰਦੀਆ ਕਰੇ ਚੰਗਾ ਏ
ਚੁਪ ਕਰਕੇ ਸੁਣੀ ਜਾਇਆ ਕਰੋ ।

ਬੰਸੋ ਤਾਂ ਅਮਲੀਆ ਅੱਗੇ ਖਜਾਨਾ ਲੁੱਟੀ ਬੈਠੀ ਏ ।
ਸਾਨੂੰ ਲੈ ਗਏ ਨੇ ਅਮਲੀਆ ਖਿਚ ਕੇ ।

ਰਾਤੀ ਅਸੀ ਆ ਗਏ ਸਾਂ ਸੰਗਤ ਚੁੱਪ ਹੋ ਗਈ ।
ਕਿਸੇ ਅਰਜ ਨਹੀਂ ਕੀਤੀ ਪਾਤਸ਼ਾਹ ਸ਼ਬਦ ਪੜ੍ਹੀਏ ।
ਪਤਾ ਹੈਗਾ ਤੁਹਾਨੂੰ ਸ਼ਬਦਾਂ ਤੇ ਮਾਇਲ ਹੁੰਦੇ ਨੇ ।

ਸਾਡੇ ਬੱਚਿਆਂ ਨੂੰ ਅਮਲੀਆ ਪੀਤੀ ਦਾ ਲੇਪ ਨਹੀਂ
ਮੋਤਾ ਪਹਿਲੋਂ ਦਿਨ ਜਿਦਣ ਪੀ ਕੇ ਆਇਆ
ਅਸਾਂ ਬਾਹੋਂ ਫੜਕੇ ਪਲੰਘ ਤੇ ਬਹਾ ਲਿਆ ਸੀ
ਮੋਤੇ ਤੇ ਅਸਾਂ ਪਲੰਘ ਤੇ ਜੇਹੜੇ ਬਚਨ ਕੀਤੇ ਨੇ
ਸਾਨੂੰ ਪਤਾ ਏ ਤੁਹਾਨੂੰ ਪਤਾ ਨਹੀਂ ।
ਮੋਤੇ ਨੂੰ ਪੱਕੀ ਕੀਤੀ ਕਿ ਅੱਜ ਤੋਂ ਕਿਸੇ ਨੂੰ ਕੋਈ ਗੱਲ ਨਾ ਆਖੀਂ,
ਕਿਸੇ ਨੂੰ ਹੱਸ ਕੇ ਵੀ ਨਾ ਆਖੀਂ,

ਅਸੀਂ ਤੇਰਾ ਬਚਨ ਸਤਿ ਕਰਨਾ ਹੋਇਆ ।

ਸ਼ਰਾਬ ਸਾਡੇ ਪਲੰਘ ਥੱਲੇ ਰੱਖੀ ਸੀ ਤੇ
ਅਸੀਂ ਭੋਗ ਨਹੀਂ ਸਾਂ ਲਾ ਸਕਦੇ ।
ਪ੍ਰਸਾਦ ਪਹਿਲੋਂ ਆਵੇ ਤੇ ਫੇਰ ਅਸੀ ਭੋਗ ਲੌਂਨੇ ਆ
ਸ਼ਰਾਬ ਨੂੰ ਕਿਸ ਤਰਾਂ ਲੌਂਦੇ ।

ਮੋਤਾ ਕਿਨਾ ਕਸ਼ਟ ਝੱਲਕੇ ਕੋਠੇ ਤੇ ਪੁਜਾ ਤੇ ਅਸੀ ਐਂਦੇ ਕਿਉਂ ਨਾ ।
ਮੋਤੇ ਨਾਲ ਜੇਹੜਾ ਬਚਨ ਕੀਤਾ ਸੀ
ਅਸਾਂ ਛਾਲ ਮਾਰ ਕੇ ਪਲੰਘ ਤੇ ਆ ਬਹਿਣਾ ਸੀ ।
ਦੋ ਚੀਜਾਂ ਸੀ ਭੱਖ ਤੇ ਭੋਜ ।
ਭਗਤਾਂ ਵਾਸਤੇ ਏ ਸ਼ਰਾਬ ਭੱਖ ਜੇ ।

ਗਾਂਹ ਵਾਸਤੇ ਸੰਗਤ ਨੂੰ ਜਾਣ ਦੀ ਛੇਤੀ ਹੋਵੇ
ਤੇ ਹੱਥ ਜੋੜਕੇ ਅਰਜ ਕਰਨ,
ਆਖਣ ਸੱਚੇ ਪਾਤਸ਼ਾਹ ਤੁਸੀ ਵੀ ਜਾਓ
ਤੇ ਅਸੀ ਵੀ ਜਾਈਏ ।
ਜਿੰਨਾਂ ਚਿਰ ਇਹ ਦੇਹ ਏਥੇ ਰਹਿਣੀ ਹੋਈ ਬਚਨ ਤਾਂ ਹੋਣੇ ਈ ਹੋਏ ।

ਜਿਹੜੀ ਚੀਜ ਪਲੰਘ ਥੱਲੇ ਆਜੇ
ਪਹਿਲੋਂ ਅਸੀਂ ਭੋਗ ਲੌਂਨੇ ਆ ਤੇ ਫੇਰ ਸੰਗਤ ਨੂੰ ਵਰਤੌਂਦੇ ਆ ।

ਸਾਡੇ ਬੱਚੇ ਅਮਲੀਆ ਬੇਐਬ ਨੇ,
ਸਾਰੀ ਸਿਖੀ ਦਾ ਕਸ਼ਟ ਤੇ ਦਲਿਦਰ ਮੋਤੇ ਦੇ ਸਿਰ ਤੇ ਕੱਟਿਆ ਜੇ ।
ਸਿੱਖਾਂ ਨੂੰ ਤਕਲੀਫ ਹੋਵੇ ਤੇ ਮੇਹਣਾ ਮਾਰਦੇ ਨੇ
ਆਂਦੇ ਪਾਤਸ਼ਾਹ ਦੇ ਲੜ ਲੱਗ ਕੇ ਵੀ ਤਕਲੀਫ ਹੋਈ ।
ਮੋਤੇ ਦਾ ਸਾਨੂੰ ਕਿਸੇ ਮੇਹਣਾ ਨਹੀਂ ਮਾਰਨਾ ।

ਸੁਖਮਨੀ ਸਾਹਿਬ ਵਿਚੋਂ ਨਿੰਦਕਾ ਦਾ ਹਾਲ ਸੁਣੋ,
"ਸੰਤ ਦਾ ਨਿੰਦਕ ਮਾਹ ਹਤਿਆਰਾ,
ਤੇ ਸੰਤ ਕਾ ਨਿੰਦਕ ਪਰਮੇਸ਼ਵਰ ਮਾਰਾ"
ਤੇ ਜੇਹੜਾ ਅਮਲੀਆ ਸਾਰਿਆਂ ਤੋਂ ਵੱਡੇ ਦੀ ਨਿੰਦਿਆ ਕਰੇ
ਓਹਦਾ ਕੀ ਹਾਲ ਹੋਣਾ ਹੋਇਆ ।
ਦੁਨੀਆ ਨੇ ਗਰਕ ਜੁ ਹੋਣਾ ਹੋਇਆ
ਸਾਡੀ ਨਿੰਦਿਆ ਚੁੱਪ ਕਰਕੇ ਸੁਣੀ ਜਾਇਆ ਕਰੋ ।
ਸ਼ਬਦ ਪ੍ਰੇਮ ਨਾਲ ਪੜ੍ਹੋ ।

ਚੇਤ ਸਿੰਘ, ਬਾਬੇ ਹੋਰਾਂ ਦਾ ਤੁਹਾਨੂੰ ਭੁਲੇਖਾ ਨਹੀਂ
ਅਸੀ ਓਨਾਂ ਨੂੰ ਪ੍ਰਗਟ ਕਰਨ ਵਾਸਤੇ ਏ ਕਾਰ ਕਰਦੇ ਆਂ ।
ਸਾਨੂੰ ਜੰਮਣ ਵਾਲੇ ਨੇ ਸਾਨੂੰ ਨਹੀਂ ਸੀ ਲੱਭਾ
ਤੇ ਬਾਬੇ ਹੋਰਾਂ ਲੱਭਾ ਸੀ ।

ਮੋਤੇ ਦਾ ਅਮਲੀਆ ਤੁਹਾਨੂੰ ਭੁਲੇਖਾ ਸੀ
ਇਹ ਏਸ ਵੇਲੇ ਸਮਰੱਥ ਪੁਰਖ ਜੇ
ਜਿਨ ਸਭ ਕੁਛ ਸਿਖਾਂ ਤੋਂ ਵਾਰ ਦਿਤਾ ਏ
ਬਾਬੇ ਹੋਰਾਂ ਦਾ ਸੰਗਤ ਨੂੰ ਪਤਾ ਏ
ਤੇ ਦੂਜਿਆਂ ਸਾਹਿਬਜਾਦਿਆਂ ਦਾ ਨਹੀਂ ਪਤਾ
ਕਿ ਏਨ੍ਹਾਂ ਦੀ ਪਿਠ ਤੇ ਕੀਹਦਾ ਹੱਥ ਆ ।

ਜਿਹੜੀ ਅਮਲੀਆ ਕਾਰ ਭੁਗਤੀ ਆ
ਲਿਖਤਾਂ ਵਿਚ ਆਜੂ
ਕਿ ਭਗਵਾਨ ਦੇ ਭਗਵਾਨ ਨੇ ਸਿਖੀ ਦਾ ਧਰਮ ਰੱਖਿਆ
ਤੇ ਕਾਰਜ ਸਵਾਰਿਆ ।

ਸ੍ਰੀ ਰਾਮ ਚੰਦ ਨੇ ਵੀ ਜਦੋਂ ਆਪਣਾ ਨਾਮ ਜਪਾਇਆ ਸੀ
ਕਿੰਨਾ ਕਸ਼ਟ ਝੱਲਿਆ ਸੀ
ਤੇ ਕ੍ਰਿਸ਼ਨ ਦੇ ਵੇਲੇ ਵੀ ਕੁਲ ਦਾ ਨਾਸ਼ ਹੋ ਗਿਆ ਸੀ

ਜੇਹੜੀਆ ਸੰਗਤਾਂ ਚਲੀਆਂ ਗਈਆਂ ਨੇ
ਔਣ ਤੇ ਸਿਖੋ ਸੰਗਤ ਨੂੰ ਦੱਸ ਦਿਆ ਕਰੋ
ਕਿ ਸੱਚੇ ਪਾਤਸ਼ਾਹ ਦੇ ਸਾਹਿਬਜਾਦੇ
ਕਿਸ ਤਰਾਂ ਸਿਖੀ ਤੋਂ ਨਿਸਾਵਰ ਹੋਏ ਨੇ ।
ਅਸੀ ਅਮਲੀਆ ਤੁਹਾਡਾ ਮਾਣ ਕਰਾਂਗੇ ਤੇ
ਤੁਸੀਂ ਸਾਡੇ ਸਾਹਿਬਜਾਦਿਆਂ ਦਾ ਕਰੋਗੇ ।

ਨੈਣੋ ਦੁੱਖ ਕਾਹਦਾ ਏ,
ਜੇਹੜਾ ਬਾਗ ਦਾ ਮਾਲੀ ਹੋਵੇ
ਓਹਨੂੰ ਹਮੇਸ਼ਾ ਵਾਸਤੇ ਓਥੋਂ ਕੰਡੇ ਵੱਜਦੇ ਨੇ ।

ਇਹ ਸਾਨੂੰ ਪਤਾ ਏ ਸਾਡਾ ਕਿਡਾ ਪ੍ਰਤਾਪ ਹੋ ਜਾਦਾ ਏ ।
ਦੀਪਾ ਨਿਕਾ ਜਿਹਾ ਬਾਰ ਵਿਚ ਸੰਗਤ ਕੋਲ ਜਾਂਦਾ ਰਿਹਾ
ਤੇ ਵੱਡੀਆਂ ਸੰਗਤਾਂ ਅਸਾਂ ਬਾਰ ਵਾਲੀਆਂ ਗਿਣੀਆਂ ਨੇ ।
ਤੇ ਓਥੇ ਜਿਹੜੀ ਕਾਰ ਕਰੌਦੇ ਰਹੇ ਹਾਂ

ਦੀਪੇ ਦੀ ਹੱਥੀ ਕਰੌਦੇ ਰਹੇ ਹਾਂ ।
ਅਸੀਂ ਮਾਣ ਦੇਣ ਵਾਲੇ ਹਾਂ ਸਾਰਿਆ ਨੂੰ ।

ਪ੍ਰਸ਼ਾਦ ਲਿਆਓ ਅਮਲੀਆ ਪਲੰਘ ਤੇ ।

ਅਮਲੀਆ, ਮੋਤਾ ਸਿੰਘ ਵਾਲਾ ਵੇਲਾ ਤੁਹਾਨੂੰ ਭੁੱਲਣ ਵਾਲਾ ਨਹੀਂ ਜੇ,
ਵੇਖਿਓ ਕਿਤੇ ਭੁੱਲ ਨਾ ਜਾਇਓ ਜੇ ।

ਅਮਲੀਆ ਵੇਖੋ ਇਹ ਤਾਂ ਸ਼ਹੀਦੀ ਨਹੀਂ ਕੋਈ ਵੱਡੀ,
ਪੰਜਵੀਂ ਪਾਤਸ਼ਾਹ ਵੇਲੇ ਕਿੰਨੀਆਂ ਸ਼ਹੀਦੀਆਂ ਪਾਈਆਂ ।
ਤੱਤੀਆਂ ਲੋਹਾਂ ਤੇ ਮੌਜਾ ਮਾਣੀਆਂ ।
ਓਨਾਂ ਵਾਸਤੇ ਮੌਜਾਂ ਸੀ, ਕਿੰਨਾਂ ਵਾਸਤੇ ਅਮਲੀਆ ਲੋਹ ਤੇ ਬੈਠੇ ਸੀ ?
ਗੁਰੂ ਸਿੱਖਾਂ ਬਦਲੇ ਏ ਕਾਰਾਂ ਕਰਦਾ ਏ ਸਿਰਫ ।
ਆਪਣੀ ਦੇਹ ਵੀ ਤਿਆਗ ਦੇਂਦਾ ਏ ।

ਅਮਲੀਆ ਲੋਕੀ ਕਲਜੁਗੀ ਗੁਰੂ ਨੂੰ ਲੱਭਦੇ ਆ
ਅਸੀਂ ਸਤਿਜੁਗੀ ਗੁਰੂ ਹੋਏ ।
ਓਹਨਾਂ ਤਾਂ ਆਖਣਾ ਗੁਰੂ ਹੈ ਨਹੀਂ, ਸਿੱਖਾਂ ਨੂੰ ਬਚਨ ਦੱਸਦੇ ਆ,
ਲੋਕਾਂ ਨੂੰ ਦੱਸਦੇ ਵੀ ਨਹੀਂ ।

ਪ੍ਰਸਾਦ ਦੀਪ ਸਿੰਘ ਮੋਤੇ ਨੂੰ ਰਜਾਕੇ ਛਕਾਓ ਜਿੰਨਾਂ ਛਕ ਲਵੇ,
ਨਾਲੇ ਪ੍ਰਸਾਦ ਵਰਤਾਓ ਨਾਲੇ ਸ਼ਬਦ ਪੜ੍ਹੋ ਪ੍ਰੇਮ ਨਾਲ ।
ਜੀਹਦੇ ਨਾਲ ਅਸੀ ਵੀ ਚਲੇ ਜਾਈਏ ।
ਤੁਕਾਂ ਸ਼ਬਦ ਦੀਆ ਧਾਰਨ ਦੇ ਨਾਲ ਦੀਆ ਪੜ੍ਹਿਆ ਕਰੋ ।
ਰਾਹੋ ਕੁਰਾਹੇ ਨਾ ਲੱਗ ਜਾਇਆ ਕਰੋ ।
ਇਹ ਅਖੀਰੀ ਸ਼ਬਦ ਪੜ੍ਹੌਂਦੇ ਜੇ ।
ਅੱਗੋ ਹਟਜੋ ।

ਅਮਲੀਆ ਇਹ ਵੱਡੀ ਗਲ ਕਿਹੜੀ ਆ ।
ਖੱਬਾ ਚਰਨ ਤਾਂ ਕ੍ਰਿਸ਼ਨ ਦਾ ਵੀ ਵਿੰਨਿਆ ਗਿਆ ਸੀ ।
ਜਿਹੜਾ ਖੂਨ ਸੀ ਏ ਸਿੱਖਾਂ ਦੀ ਦਾਤ ਸੀ ਦੇ ਦਿਤੀ ਆ ।
ਜਿਸ ਤਰਾਂ ਸਮਾਂ ਹੋਵੇ ਓਸੇ ਤਰਾਂ ਵਰਤਾਈ ਜਾਨੇ ਆ ।
ਕਿਸੇ ਤੋਂ ਸਲਾਹ ਨਹੀਂ ਪੁੱਛਦੇ ।
ਕਾਰ ਕਰਕੇ ਦੱਸਦੇ ਹਾਂ ।
ਕਲ ਵਿਹਾਰ ਕੀਤਾ ਸੀ,

ਇਕ ਨੇ ਕੇਸ ਫੜੇ ਤੇ ਦੋ ਨੇ ਚਰਨ ਫੜੇ
ਤੇ ਮੋਤੇ ਨੂੰ ਕਲ ਦੇ ਤਿੰਨ ਜਣੇ ਚੁੱਕਦੇ ਰਹੇ ਨੇ
ਚੌਥਾ ਲੱਗਾ ਨਹੀਂ ਜੇ ।

ਸਿਖੀ ਵਾਸਤੇ ਮਤ ਜੇ ।
ਆਖਹੁ ਪਾਤਸ਼ਾਹ ਸਾਡੇ ਤੇ ਦਇਆ ਕਰੋ ।
ਸਿਖਾਂ ਦਾ ਜੇਹੜਾ ਖੂਨ ਸੀ, ਓਹ ਮੋਤੇ ਦਾ ਖੂਨ ਦਿਤਾ ਜੇ ।
ਸਿਖਾਂ ਨੂੰ ਸਰਜੀਤ ਕਰ ਦਿਤਾ ਜੇ ।
ਸਾਰੀ ਸੰਗਤ ਦੇ ਸਾਹਮਣੇ
ਅਮਲੀਆ ਅਸਾਂ ਆਪਣਾ ਬੱਚਾ ਨਿਚੋੜ ਘੱਤਿਆ ਜੇ ।

ਮੋਤੇ ਨੇ ਆਖਿਆ ਪਾਤਸ਼ਾਹ ਚਰਨਾਮਤ ਛਕੀਏ ਅਸੀਂ ਵੀ,
ਤੇ ਅਸਾਂ ਆਖਿਆ ਤੁਹਾਡੇ ਪੀਣ ਵਾਲਾ ਚਰਨਾਮਤ ਨਹੀਂ
ਤੁਸੀ ਤਾਂ ਆਪ ਸੰਗਤਾਂ ਨੂੰ ਚਰਨਾਮਤ ਪਿਔਣ ਵਾਲੇ ਜੇ ।
ਮੋਤੇ ਨੇ ਜਿਹੜੇ ਕਲ ਸਾਡੇ ਨਾਲ ਅਮਲੀਆ ਬਚਨ ਕੀਤੇ ਨੇ
ਠੰਡ ਪਾਤੀ ਸੀ
ਆਖਿਆ ਸੱਚੇ ਪਾਤਸ਼ਾਹ ਦੇਹ ਵੀ ਤੁਹਾਡੀ ਸੀ
ਤੇ ਸਿੱਖਾਂ ਤੇ ਜਿਹੜਾ ਐਨੀ ਦਇਆ ਕਰੇ
ਸਿੱਖ ਕਿਉਂ ਓਹਦਾ ਪਿੱਛਾ ਛੱਡਣ ।

ਸੰਗਤ ਸਾਰੀ ਨਾਲ ਬਚਨ ਕਰਦੇ ਤੇ ਸਾਨੂੰ ਵੜੀ ਖੁਸ਼ੀ ਸੀ
ਸੰਗਤ ਆਂਦੀ ਰਹਿ ਗਈ ਆ, ਵਿਚੋਂ ਚਲੇ ਗਏ ਨੇ ।

ਅਮਲੀਆ ਸਮੇਂ ਨਾਲ ਈਸ਼ਰ ਕੰਮ ਸਬਰਦਾ ਜੇ
ਹਰ ਵੇਲੇ ਨਹੀਂ ਭੱਜਾ ਫਿਰਦਾ
ਸਾਰੀ ਸੰਗਤ ਨੀਂਵੀ ਪਾ ਕੇ ਸਾਡੇ ਚਰਨਾਂ ਵਿਚ ਧਿਆਨ ਰੱਖੋ
ਅਸੀਂ ਚਲੇ ਜੇ ।

❖ ੧੭ ਭਾਦਰੋਂ ੨੦੦੫ ਬਿਕ੍ਰਮੀ ਪਿੰਡ ਬੁਗੀ ਬਚਨ ਹੋਏ ❖

ਸ਼ਮੇਦਾਨ ਵਾਸਤੇ ਐਨੀ ਦੇਰ ਲੌਣੀ ਸੀ
ਜੋਤ ਰੂਪ ਹੁੰਦਾ ਸ਼ਮੇਦਾਨ ਏਹ ।
ਵੇਲਾ ਜਗੌਣ ਦਾ ਜੇ ਸ਼ਮੇਦਾਨ ਬਣਾਓ ਥਾਲੀ ਵਿਚ,
ਛੇਤੀ ਕਰੋ, ਸਾਡਾ ਬਚਨ ਜੇ,
ਥਾਲੀ ਵਿਚ ਇਕ ਲਿਔਣਾ ਤੇ ਐਥੋਂ ਤਾਕਤਾਂ ਕੱਢਕੇ ਪੰਜ ਕਰਾਂਗੇ ।

ਜਗਾਏ ਕਿ ਨਹੀਂ, ਛੇਤੀ,
ਏਨੀ ਗਲਤੀ ਆ ਚਬਲੇ ਤੇਰੀ,
ਐਥੋਂ ਕੱਢਣੀਆ ਸੀ ਤਾਕਤਾਂ ਤੇ ਪੰਜ ਜਗੌਣੇ ਸੀ
ਓਹਲਾ ਨਹੀਂ ਰੱਖਣਾ ।
ਵੜੀ ਖੇਡ ਸੀ ਅਜ ਇਕ ਘੰਟਾ ਹੋਰ ਵਧਾਤਾ ਜੇ ।

ਅਜੇ ਬੇਨਤੀਆਂ ਕਰਨ ਦਾ ਵੇਲਾ ਨਹੀ;
ਅਜੇ ਤਾਂ ਆਏ ਹਾਂ, ਦਰਸ਼ਨ ਕਰੋ ਖਾ,
ਦਰਸ਼ਨ ਕੀਤਿਆਂ ਦੁੱਖ ਨਾਸ ਨਾ ਹੋਏ ਤੇ ਹੋਣੇ ਕਦੋ ਆ,
ਦੁਨੀਆ ਤਾਂ ਤਰਸਦੀ ਈਸ਼ਰ ਦੇ ਦਰਸ਼ਨਾ ਨੂੰ ।

ਐਡਾ ਬਚਨ ਤੇ ਭੁੱਲ ਗਏ ਜੇ, ਵੜਾ ਭੇਤ ਹੁੰਦਾ ਜੇ ।
ਐਥੋਂ ਜੋ ਪੁੱਛੋ ਹਾਜਰ ਜੇ । ਸਰਬ ਵਿਆਪਕ ਹੁੰਦਾ ਜੇ ।
ਬਾਹਰ ਵੀ ਏਹੋ ਤੇ ਵਿਚ ਵੀ ਏਹੋ ।
ਏਨਾ ਭੇਤ ਨਾ ਹੋਵੇ ਤੇ ਅਸੀਂ ਛਿਨ ਵਿਚ ਆਏ ਤੇ ਛਿਨ ਵਿਚ ਗਏ ।

ਲਛਮਣ ਸਿੰਘ ਤੂੰ ਸ਼ਬਦ ਪੜ੍ਹਿਆ ਏ
ਗੁਰੂ ਨਾਨਕ ਜਏ ਮਨੁੱਖ ਗੁਰੂ ਆ ।
ਮਨੁੱਖ ਤਾਂ ਮਰ ਗਿਆ ਤੇ ਗਿਆ ਦੁਨੀਆ ਵਿਚੋਂ
ਤੇ ਅਸੀਂ ਤਾਂ ਹਾਜਰ ਬੈਠੇ ਜੇ ।

ਪ੍ਰਸਾਦ ਕਲਸੀ ਹੋਣਾ ਸੀ ਤੇ ਸੰਗਤ ਨੂੰ ਕਿਥੋਂ ਲੱਭਣਾ ਸੀ,
ਤੁਸਾਂ ਸੰਗਤੇ ਫੇਰ ਸੁੱਤਿਆਂ ਰਹਿ ਜਾਣਾ ਸੀ ।
ਇਹ ਪ੍ਰਸਾਦ ਓਨਾਂ ਨੂੰ ਮਿਲਦਾ ਜਿਨ੍ਹਾਂ ਧੁਰੋਂ ਪਾਇਆ ਸੰਜੋਗ ਹੋਵੇ ।

ਜਿਹੜਾ ਈਸ਼ਰ ਤੋ ਭੁੱਲ ਜਾਵੇ
ਓ ਜੂਠਾ ਤੇ ਝੂਠਾ ਹੁੰਦਾ ਜੇ ।

ਇਹ ਸਿੱਖਾਂ ਨੂੰ ਭੁਲੇਖਾ ਏ
ਕਿ ਪਾਤਸ਼ਾਹ ਵੇਖੇ ਨੇ ਤਾਂ ਦਰਸ਼ਨ ਹੁੰਦਾ ਏ ।
ਜੇਹੜੇ ਕਲਜੁਗ ਵਿਚ ਗੁਰੂ ਹੋਏ ਨੇ
ਆਖੋ ਤੇ ਓਨਾਂ ਦਾ ਵੀ ਦਰਸ਼ਨ ਕਰਾ ਦੇਈਏ,
ਪਾਲ ਸਿੰਘ ਵਾਗੂੰ

ਸਿੱਖਾਂ ਦਾ ਸੈਹਸਾ ਅਸਾਂ ਦੂਰ ਕਰ ਦੇਣਾ ਜੇ
ਕਿ ਸਿਖੋ ਪਹਿਲੇ ਦਿਨੋ ਆ ਕੁਛ ਆ ਰਿਆ ਜੇ ।

ਅਸੀਂ ਤਾਂ ਸਿਖਾਂ ਨੂੰ ਸਭ ਕੁਛ ਦੱਸਦੇ ਹਾਂ,
ਜੀਅ ਵਿਚ ਏਨੀ ਸਮਰੱਥਿਆ ਨਹੀਂ ਹੁੰਦੀ ।

ਪਾਲ ਸਿੰਘ ਨੂੰ ਅਸਾਂ ਪਹਿਲੋਂ ਕ੍ਰਿਸ਼ਨ ਦੇ ਜਾਮੇ ਵਿਚ ਦਰਸ਼ਨ ਦਿਤਾ ਸੀ
ਆਪਣੀ ਦੇਹ ਦਾ ਦਰਸ਼ਨ ਨਹੀਂ ਸੀ ਦਿਤਾ ।
ਘੋੜੇ ਤੇ ਚੜੇ ਚੜ੍ਹਾਏ ਜਾ ਖਲੋਂਦੇ ਹੁੰਦੇ ਸਾਂ
ਤੇ ਦੜ ਕਰਕੇ ਚਰਨਾਂ ਤੇ ਜਾ ਪੈਂਦਾ ਹੁੰਦਾ ਸੀ ।

ਪ੍ਰੇਮ ਸਿੰਘ ਕਿਧਰ ਗਿਆ ਅੱਜ ਅਸੀਂ ਪੱਲਾ ਫਿਰਾ ਜਾਈਏ ।
ਸਾਡੇ ਸਾਮਣੇ ਆਓ ਵੇਲਾ ਪਰਖਣ ਦਾ ਜੇ,
ਸਾਮਣੇ ਸ਼ੇਰ ਪਿਆ ਜੇ ।
ਪ੍ਰੇਮ ਸਿੰਘ ਦੁਹਾਈ ਦੇਦੇ ਸਾਡੇ ਨਾਂ ਦੀ,
ਸਮਾਂ ਪੁਜ ਗਿਆ ਜੇ ਹੁਣ ਵੇਲਾ ਨਹੀਂ ਲੱਭਣਾ ।

ਏਸੇ ਕਰਕੇ ਸੰਗਤ ਵਿਚ ਬਚਨ ਕਰਦੇ ਆ
ਜਿਥੇ ਸਤ ਨਾ ਹੋਵੇ ਓਥੇ ਬਚਨ ਨਹੀਂ ਕਰਦੇ
ਜਿੰਨਾਂ ਚਿਰ ਬਚਨ ਪੂਰਾ ਨਾ ਹੋਵੇ
ਓਨਾਂ ਚਿਰ ਅਸੀਂ ਸੰਗਤ ਵਿਚ ਨਹੀਂ ਔਂਦੇ ।

ਏਹ ਕਾਇਆ ਸੁਖ ਆਸਣ ਜੇ
ਨਾ ਭੱਜੇ ਤੇ ਨਾ ਟੁੱਟੇ ਤੇ ਨਾ ਸਾਡੀ ਨਾੜੀ ਲੱਭੇ ।
ਏਨਾਂ ਭੇਤ ਨਾ ਰੱਖਦੇ ਤੇ ਸਾਨੂੰ ਕੋਈ ਕਿਸ ਤਰਾਂ ਮੰਨਦਾ ।

ਬਚਨ ਤੁਹਾਨੂੰ ਅੱਜ ਦੱਸਾਂਗੇ ਭੁਲਣਵਾਲਾ
ਪੰਜਵੀ ਜੇਠ ਨੂੰ ਸਾਰੇ ਭੁੱਲ ਗਏ ਸੀ ।
ਇਹ ਵੀ ਬਚਨ ਤਾਂ ਦੱਸਦੇ ਆ ਫੇਰ ਭੌਂਕੇ ਓਸ ਥਾਂ ਤੇ ਲੈ ਆਂਦਾ
ਤੇ ਪਹਿਲੀ ਚੇਤ ਨੂੰ ਬਚਨ ਕੀਤਾ ਸੀ
ਕਿ ਛੇਤੀ ਕਰੋ ਸਾਨੂੰ ਅੰਦਰ ਲੈ ਚਲੋ ।

ਸੱਚ ਤਾਂ ਹੁੰਦਾ ਪਰ ਸੱਚ ਨੂੰ ਓਹੋ ਪੌਂਦੇ ਨੇ ਜੇਹੜੇ ਨਿਭੌਂਦੇ ਨੇ ।

ਸੰਗਤਾਂ ਵਿਚ ਤਾਂ ਸਦਾ ਈ ਖੁਸ਼ੀਆਂ ਨਿਤ ਨਵੀਆਂ ਨੇ ।

ਈਸ਼ਰ ਥਿਰ ਰਹਿਣ ਵਾਲੀ ਚੀਜ ਜੇ
ਬੁਝਣ ਵਾਲੀ ਚੀਜ ਨਹੀਂ ਜੇ ।

ਸਾਰਿਆਂ ਨੂੰ ਸੋਝੀ ਪਾ ਦੇਈਏ
ਤੇ ਦੁਨੀਆ ਦਾ ਨਾਸ ਕਿਸ ਤਰਾਂ ਹੋਊ ।

ਮਸਾਂ ਜੇ ਮਨੁਖ ਜੂਨ ਮਿਲੀ ਆ ਤੇ ਓਹਵੀ ਲੋਕੀ ਗੁਵਾ ਬੈਠੇ ਨੇ ।

ਸਾਨੂੰ ਤਾਂ ਸੰਗਤਾਂ ਦੇ ਪ੍ਰੇਮ ਦੀ ਆਸ
ਤੇ ਸਿੱਖਾਂ ਨੂੰ ਸਾਡੇ ਚਰਨਾਂ ਦੀ ਆਸ
ਏਨ੍ਹਾਂ ਚਰਨਾਂ ਨੂੰ ਤ੍ਰਿਲੋਕੀ ਤਰਸਦੀ ਆ ।
ਸੇਜਾ ਨੇ ਬਾਸ਼ਕ ਦੀਆਂ ਇਹ
ਮੇਰਾ ਸੰਗਤੇ ਪਤਾਲਲੋਕ ਵਿਚ ਵਾਸ ਆ ।

ਜਿਹਨੂੰ ਸਾਡੀ ਰਸਨਾ ਦਾ ਭੋਗ ਲੱਗੇ
ਓਹਨੂੰ ਜਲ ਨਾ ਆਖਿਆ ਕਰੋ ।

ਏ ਭੰਡਾਰਾ ਭਗਤਾਂ ਦਾ ਜੇ ।

ਬੇਮੁਖਾਂ ਨੂੰ ਕੋਈ ਢੋਈ ਨਹੀ
ਏਸ ਦਰ ਤੇ ਉਹ ਢੋਈ ਨਹੀਂ ਪੌਂਦੇ ।

ਪ੍ਰੇਮ ਸਿੰਘ ਅਸਾਂ ਤੇਰੇ ਮਗਰ ਜਾਣਾ ਸੀ ।
ਅਮਲੀਆ ਵੇਖ ਕਿੱਡੀਆਂ ਗਲਤੀਆਂ ਕਰ ਗਿਆ ਈ
ਅਸੀ ਅੰਨੇ ਨਹੀਂ । ਸਾਡੇ ਐਥੇ ਚਾਨਣ ਜੇ ।
ਵੇਖੋ ਪ੍ਰਸਾਦ ਕਿਡਾ ਸੀ
ਤੇ ਬਿਨਾ ਪੁਛਿਆ ਈ ਰਸਤ ਲੈਣ ਚਲਿਆ ਗਿਆ ਜੇ ।
ਅਸੀ ਪ੍ਰੇਮ ਸਿੰਘ ਤੇਰੇ ਮਗਰ ਜਾਣਾ ਸੀ
ਤੇ ਤੂੰ ਬਾਹਰਲਾ ਬੂਹਾ ਵੀ ਲੰਘ ਗਿਓ ।
ਏਸ ਪ੍ਰਸਾਦ ਬਦਲੇ ਸਾਰੀ ਸੰਗਤ ਨੂੰ ਖਿਚਕੇ ਆਂਦਾ ਜੇ ।

ਸਾਡੇ ਹੁੰਦਿਆ ਕਿਸੇ ਤੋਂ ਨਾ ਡਰਿਆ ਕਰੋ
ਭਾਵੇਂ ਕੋਈ ਲੱਖ ਆਖੇ ਤੁਸੀਂ ਸ਼ੇਰ ਵਾਗੂੰ ਗੱਜੋ ।
ਕੋਠੇ ਤੇ ਚੜ੍ਹਕੇ ਬਾਬੇ ਹੋਰਾ ਲਿਖਾਈ ਕੀਤੀ ਸੀ
ਕਿ ਪਾਤਸ਼ਾਹ ਕਿਸੇ ਤੋਂ ਨਾ ਡਰਨਗੇ ।

ਡਰ ਅਮਲੀਆ ਓਹਨੂੰ ਹੁੰਦਾ ਜੀਹਦਾ ਪਿਓ ਮਾੜਾ ਹੋਵੇ ।

ਪਹਿਲੋਂ ਅਸਾਂ ਘਰ ਵਿਚ ਗਰੀਬੀ ਵਰਤਾਈ ਸੀ,
ਹੁਣ ਵੇਖਿਓ ਦੁਨੀਆ ਤੇ ਕਿਸ ਤਰਾਂ ਵਰਤਦੀ ਆ ।
ਇਹ ਕਾਰਨ ਜੇ ਘਰ ਵਿਚ ਵਰਤੌਣ ਦਾ ।

ਅਮਲੀਆ ਏ ਆ ਵਿਚਾਰ ਕਰਨਾ ਗੁਰ ਬਾਣੀ ਦਾ,
ਲਿਖਤ ਲਿਲਾਟ ਲਖਾਸੇ ।
ਏ ਮਸਤਕ ਵਿਚ ਲਿਲਾਟ ਹੁੰਦਾ ਜੇ ।
ਮੋਤਿਆ ਦਿਸਣਾ ਅਜ ਵੜਾ ਕੁਛ ਸੀ, ਖੇਡ ਵਿਗਾੜ ਦਿਤੀ ਸੁ ।

ਕਿਤੇ ਬਾਬੇ ਹੋਰਾਂ ਦਾ ੧੨ ਕੋਹਾਂ ਵਾਲਾ ਬਚਨ ਕੱਚਾ ਨਾ ਰਹਿ ਜੇ ।
ਥੋੜਾ ਚਿਰ ਆ ਏਸ ਦੇਹ ਤੋਂ ਬਾਬੇ ਹੋਰਾ ਦੀ ਸੇਵਾ ਅਜੇ ਕਰੌਣੀ ਆ ।
ਸਾਹਿਬਜਾਦਿਆਂ ਦੇ ਵੇਖਿਓ ਕਿਡੇ ਕਿਡੇ ਮਾਣ ਵਧੌਨੇ ਆ ।
ਏਸੇ ਕਰਕੇ ਮੋਤੇ ਹੋਰਾਂ ਨੂੰ ਆਖਿਆ ਜੇਰਾ ਕਰੋ ।

ਬਹਿ ਜਾ, ਹੁਣ ਠੀਕ ਕਰਕੇ ਸੰਤੋਖ ਸਿੰਘ ਜਾਵਾਂਗੇ ।

ਅਮਲੀਆ ਵੇਖਿਓ ਏਦੂੰ ਵੱਡਿਆਂ ਕਰ ਦਿਆਂਗੇ ।
ਸੰਗਤਾਂ ਤਾਂ ਏਨੀਆਂ ਹੋਣੀਆਂ
ਕਿ ਬਾਬੇ ਹੋਰਾਂ ਦੇ ਚਰਨਾਂ ਵਿਚ ਪੁਜ ਨਹੀਂ ਸਕਣੀਆਂ ।
ਸਮੇਂ ਨਾਲ ਅਸੀਂ ਆਪੇ ਵਿਹਾਰ ਕਰੀ ਜਾਂਦੇ ਆ ।
ਇਹ ਵੀ ਅਗਦੀ ਤਾਂ ਬਚਨ ਦੱਸਦੇ ਹਾਂ ਸਿਖਾਂ ਨੂੰ ਧੀਰਜ ਦੇਣ ਵਾਸਤੇ ।

ਪ੍ਰਸਾਦ ਕਰਾਕੇ ਅੰਦਰ ਨਾ ਲਿਆਇਓ ਜੇ,
ਜਦੋਂ ਅਸੀ ਹੁਕਮ ਦੇਵਾਂਗੇ ਓਦੋ ਲਿਆਇਓ ਜੇ ।

ਅਮਲੀਆ ਜਦੋਂ ਅਸੀ ਬਚਨ ਕਰਦੇ ਆ
ਓਸੇ ਵੇਲੇ ਮੋੜਕੇ ਫੇਰ ਨਾ ਪੁੱਛਿਆ ਕਰੋ ।
ਇਹ ਐਸਾ ਸਮਾਂ ੫ ਦਾ ਪ੍ਰਸਾਦ ਸੁੱਖੇ ਤੇ ਢਾਈ ਨਹੀ ਲੱਭਦੇ
ਤੁਹਾਨੂੰ ਤਾਂ ਸਭ ਕੁਛ ਆ ।

ਅਮਲੀਆ ਕੱਲਾ ਆਇਆ ਏਂ, ਨਾਲ ਭਜਨ ਨਹੀਂ ਉ ਆਂਦਾ ।
ਜੀਹਦੀ ਚੀਜ ਹੋਵੇ ਓਹਦੇ ਸਾਹਮਣੇ ਕਰ ਦੇਣੀ ਚਾਹੀਦੀ ਆ ।
ਅਸੀ ਤਾਂ ਹਾਜਰ ਹੁੰਦੇ ਆਂ ਸਾਡੀ ਜਾਮਨੀ ਆ ਏਹਦੇ ਵਿਚ,
ਸਾਡੇ ਹੁੰਦਿਆਂ ਭਜਨ ਦੁੱਖ ਨਹੀਂ ਭੋਗ ਸਕਦਾ ।
ਅਸੀਂ ਪ੍ਰੀਤੇ ਨਾਲ ਬਚਨ ਕਰਦੇ ਰਹੇ ਹਾਂ, ਜਾਹਰ ਨਹੀਂ ਹੋਏ ।

ਜੈ ਦਾ ਕਿਸੇ ਨੂੰ ਭੇਤ ਨਹੀ, ਕਿਹਨੂੰ ਜੈ ਆਂਦੇ ਨੇ ।
ਬਾਬੇ ਹੋਰਾਂ ਲਿਖਾਈ ਕੀਤੀ ਸੀ
ਨਾ ਅੱਲਾ ਰਹੂ  ਨਾ ਸਤਿ ਸ੍ਰੀ ਅਕਾਲ ਰਹੂ  ਨਾ ਰਾਮ ਰਾਮ ਰਹੂ
ਤੇ ਜੈ ਨੂੰ ਐਨੀ ਸਮਰਥਿਆ ਜੇ
ਸਾਰੀਆ ਚੀਜਾਂ ਦਾ ਨਾਸ ਕਰੀ ਜਾਂਦੀ ਆ ।
ਜੈ ਦਾ ਨਾਅਰਾ ਹੁੰਦਾ ਜੇ ਜੁਗਾਂ ਪ੍ਰਮਾਣ ਈ ਏਸੇ ਤਰਾਂ ਰਹੂ
"ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ"

ਪ੍ਰੇਮ ਸਿੰਘ ਕਿਥੇ
*ਜੀ ਸਾਹਿਬ*
ਕਿੰਨਾ ਚਿਰ ਲਵਾਤਾ ਤੂੰ  ਸਾਡਾ ਬਚਨ ਭੁੱਲਣ ਨਾਲ ।
ਜੇ ਹਿਰਦੇ ਵਿਚ ਵਸਾਲੌ ਤੇ ਕਿਉਂ ਭੁੱਲੋ ।

ਦੀਪਿਆ, ਬਹੁਤੀ ਖੁਸ਼ੀ ਵਿਚ ਭੁੱਲਣ ਡਿਆ ਈ ।
ਪ੍ਰਸਾਦ ਅੰਦਰ ਨਹੀਂ ਜੇ ਲਿਆਉਣਾ ਸਾਡੇ ਹੁਕਮ ਤੋਂ ਬਿਨਾ ।
ਏਹੋ ਤਾਂ ਘਾਟਾ ਹੋਇਆ
ਸਾਡਾ ਬਚਨ ਫੇਰ ਝੂਠਾ ਈ ਸਮਝ ਕੇ ਸਾਥੋਂ ਗਾਹ ਹੁੰਦੇ ਨੇ ।
ਜਿੰਨਾ ਚਿਰ ਅਸੀ ਏਥੇ ਹਾਜਰ ਰਹੀਏ ਓਨਾਂ ਚਿਰ ਨਹੀ ਭੁੱਲਦੇ
ਜਦੋਂ ਲਾਂਭੇ ਹੋ ਜਾਈਏ ਓਦੋ ਭੁੱਲ ਜਾਂਦੇ ਨੇ ।

ਅਰਜ ਕਰ ਲਓ ਕਿਸੇ ਕਰਨੀ ਆ ਤੇ ।

ਥੋੜਾ ਥੋੜਾ ਦੁੱਖ ਈ ਤਾਂ ਯਾਦ ਕਰੌਦਾ
ਨਹੀਂ ਤਾ ਯਾਦ ਕਿਸ ਤਰਾਂ ਹੋਈਏ ।

ਅਸੀ ਤਾਂ ਓਦੋਂ ਦਇਆ ਕਰਦੇ ਆ ਜਦੋਂ ਆਈਏ ।
ਮਿਹਰ ਵਰਤੌਂਦੇ ਆਂ ।
ਦੋ ਵੇਰਾਂ ਚਰਨਾਂ ਤੇ ਸੀਸ ਰੱਖਕੇ ਮੱਥਾ ਟੇਕਿਆ ਤੇ ਦਇਆ ਹੋਈ
ਘਾਟਾ ਤਾਂ ਤੁਹਾਨੂੰ ਵੀ ਵੜਾ ਸੀ, ਘਾਟਾ ਸਾਨੂੰ ਨਹੀ,
ਘਾਟਾ ਦੁਨੀਆ ਨੂੰ ਆ ਜਿਨ੍ਹਾ ਨੂੰ ਕੁਛ ਲੱਭਣਾ ਨਹੀ ।

੫ ਸਿੱਖ ਅਸਾਂ ਪ੍ਰੇਮ ਸਿੰਘ ਘੱਲਣੇ ਸੀ,
ਹੁਣ ਤਾਂ ਤੂੰ ਆਪਣੇ ਵਿਹਾਰ ਨਹੀ ਜਾਣਾ ।
ਓ ਦੂਜੀ ਖੇਡ ਲਈ ਘੱਲਣੇ ਸੀ
ਪ੍ਰਸਾਦ ਅਗਲਾ ਵਰਤਾਜਾ, ਫੇਰ ਕਿਤੇ ਜਾਵੀ ।

*ਪਾਤਸ਼ਾਹ ਕਾਕੇ ਦਾ ਨਾਂ ਰੱਖੋ ।*

ਹੈਤਰਾਂ ਰਿਹਾ ਕਰੋ,
ਪਹਿਲੀ ਚੇਤ ਨੂੰ ਬਚਨ ਕੀਤਾ ਸੀ
ਬੇਬੇ ਜੇਹੜੀ ਤੈਥੋ ਚੀਜ ਲਈ ਆ ਏਦੂੰ ਚੰਗੀ ਦਿਆਂਗੇ ।

ਤੁਸੀਂ ਭੁੱਲ ਜਾਂਦੇ ਜੇ
ਆਂਦੇ ਜੇ ਪਾਤਸ਼ਾਹ ਦਇਆ ਨਹੀਂ ਕਰਦੇ ।

ਮੇਜੋ ਨੂੰ ਤਵੀਤ ਦਾ ਬਚਨ ਦਿਤਾ ਸੀ
ਦੋ ਦਿਨ ਸਾਡੇ ਪਲੰਘ ਤੇ ਈ ਰੋਲ ਛੱਡਿਆ ।

ਸਇੰਦਰ ਸਿੰਘ ਏਥੇ ਹੈਗਾ,
ਏਨਾ ਭੇਤ ਸੀ ਪਹਿਲੀ ਜੇਠ ੫ ਨੂੰ ਅਸੀਂ ਸਾਂ ਤੇ
ਸੂਰਤ ਨੇ ਸਾਨੂੰ ਝੰਜੋੜ ਕੇ ਸੁੱਟਿਆ ਸੀ ।
ਓਨ ਆਪਣੀ ਚੀਜ ਖਿਚਣੀ ਸੀ ਅਸੀਂ ਗੁੱਸਾ ਨਹੀਂ ਕੀਤਾ ।

ਅਮਲੀਆ ਸਾਡੇ ਹੁਕਮ ਦੇ ਨਾਲ ਬੱਚੇ ਜਰਮਦੇ ਨੇ,
ਕੋਈ ਥੋੜੀ ਗੱਲ ਨਹੀਂ,
ਭੇਤ ਪੁੱਛਣ ਬਦਲੇ ਤੇਜਾ ਸਿੰਘ ਕਿੰਨੇ ਤਰਲੇ ਲਏ ਨੇ
ਅਜੇ ਅਸੀਂ ਨਹੀਂ ਦੱਸਦੇ ।
ਏ ਮਸੂਮ ਬੱਚਾ ਜੇ, ਐਥੋਂ ਘੁੱਟਕੇ ਤਾਕਤਾਂ ਭਰ ਦੇਈਏ ।

ਸੰਤੋਖ ਸਿੰਘ ਕਾਹਦੀ ਦਇਆ ਕਰੌਨਾ ਏ,
ਏਸੇ ਤਰਾਂ ਚੰਗਾ ਨਹੀਂ, ਕਿਡਾ ਸੋਹਣਾ ਲੱਗਦਾ ਏ,
ਸ਼ੇਰ ਲੱਗਦਾ ਏ ।

ਸ਼ਰਾਬ ਦਾ ਅਮਲ ਚੰਗਾ ਕੇ ਹਾ ਨਸ਼ਾ ਚੰਗਾ,
ਜਿਹੜਾ ਹੁਣ ਚੜਿਆ ਏ ।
ਅਸੀਂ ਦਇਆ ਤਾਂ ਕਰਦੇ ਆ ਜੇ ਤੇਰਾ ਦਿਲ ਮੰਨੇ ਤੇ ।

ਇਕ ਦਿਨ ਮਸਤਾਨੇ ਨੂੰ ਕੱਡਣਾ ਔਖਾ ਹੁੰਦਾ ਜੇ,
ਤੂੰ ਆਨਾ ਪਾਤਸ਼ਾਹ ਏਸੇ ਤਰਾਂ ਮਸਤਾਨਾ ਰੱਖੋ ।

ਦੀਪਿਆ, ਤੇਰਾ ਨਿੰਬੂ ਮਾਰਿਆ ਤੇ ਠੀਕ ਹੋ ਗਿਆ ।
ਏਥੋਂ ਵਿਗੜਿਆ ਤੇ

ਏਥੋ ਸੁਧ ਹੋ ਗਿਆ ਮਸਤਕ ਵਿਚੋਂ ।

ਹੋਰ ਭੁੱਲਾ ਤਾਂ ਅਸੀ ਬਖਸ਼ ਜਾਨੇ ਆ,
ਤੇ ਸਾਨੂੰ ਭੁੱਲਿਆਂ ਤੁਹਾਡਾ ਕੋਈ ਥਾਂ ਨਹੀਂ ਜੇ ।

ਇਹ ਸਾਡੇ ਵਿਚ ਤਾਕਤਾਂ ਜੇ,
ਐਸੇ ਹੱਥ ਨਾਲ ਪ੍ਰਸ਼ਾਦ ਦਿਤਾ ਤੇ ਪੁੱਠਾ ਹੋ ਗਿਆ
ਤੇ ਏਸੇ ਨਾਲ ਦਿਤਾ ਤੇ ਸਿਧਾ ਹੋ ਗਿਆ ।

ਚੇਤ ਦੀ ਪਹਿਲੀ ਨੂੰ ਪ੍ਰਸ਼ਾਦ ਦੇਗੇ ਸਾਂ ਤੇ ਕੰਮ ਹੋਇਆ ਜੇ ।

ਪ੍ਰਤਾਪ ਸਿੰਘ ਦਇਆ ਤਾਂ ਕਰਦੇ ਆਂ ਜੇ ਚੇਤੇ ਰੱਖੋ ਤੇ ।

ਹਰਨਾਮ ਸਿੰਘ ਕਦੀ ਸਾਨੂੰ ਓਨਾਂ ਯਾਦ ਨਹੀਂ ਸੀ ਕਰਦਾ
ਜਿੰਨਾਂ ਅਸੀਂ ਕਰਦੇ ਸਾਂ ।
ਜਿਥੇ ਬਹਿੰਦੇ ਸਾਂ ਪਹਿਲੋਂ ਓਹਨੂੰ ਨਾਲ ਖੜਦੇ ਸਾਂ,
ਓਨਾਂ ਮੋਤੇ ਹੋਰਾਂ ਨੂੰ ਨਹੀਂ ਖੁਵਾਇਆ
ਜਿਨਾਂ ਨਾਮੇ ਹੋਰਾਂ ਨੂੰ ਮੂੰਹ ਵਿਚੋਂ ਬੁਰਕੀਆਂ ਕੱਢਕੇ
ਖਵਾਇਆ ਤੇ ਪਾਲਿਆ ਸੀ ।

ਸਾਨੂੰ ਯਾਦ ਕਰਕੇ ਰਹੋ ਤਾਂ ਕੋਈ ਤਕਲੀਫ ਨਹੀਂ ਹੁੰਦੀ ।
ਅਸੀ ਤਾਂ ਬਚਨ ਬਚਨ ਨਾਲ ਦੱਸਦੇ ਰਹਿਨੇ ਆ ।
ਸੰਗਤ ਵਿਚ ਕੋਈ ਕਿਸੇ ਦਾ ਸਾਥੋਂ ਓਹਲਾ ਨਹੀਂ ਜੇ ।
ਅਸੀਂ ਪੜਦੇ ਰੱਖਦੇ ਆ ਭੇਤ ਖੋਲ੍ਹਕੇ ਨਹੀਂ ਜਾਂਦੇ ।

ਸੰਗਤੇ ਕੋਈ ਬਚਨ ਹੈ ਤਾਂ ਕਰੋ ਜੇਹੜਾ ਕਰਨ ਵਾਲਾ ਜੇ ।

ਨਾਮ ਦੇ ਵਿਚੋਂ ਕੀ ਲੱਭਦਾ ਜੇ ?
ਨਾਮ ਲੈ ਕੇ ਤੇ ਫੇਰ ਵਿਚੋਂ ਕੀ ਲੱਭਦਾ ਜੇ ?
ਪਤਾ ਨਹੀਂ ਤੁਹਾਨੂੰ ਨਾਮ ਕੀ ਚੀਜ ਆ,
ਨਾਮ ਨੂੰ ਲੈ ਕੇ ਕਿਹਨੂੰ ਲੱਭਦੇ ਜੇ ?
ਇੰਦਰ ਸਿੰਘ ਤੂੰ ਸਾਡਾ ਜਵਾਬ ਦੇ ।
ਹੁਣ ਤੁਹਾਨੂੰ ਸੰਗਤ ਨੂੰ ਨਾਮ ਅਜੇ ਠੀਕ ਕਿਸੇ ਨੂੰ ਮਿਲਿਆ ਕੇ ਨਹੀਂ,
ਏਸੇ ਕਰਕੇ ਤੁਹਾਡਾ ਅੰਧ ਵਿਸ਼ਵਾਸ ਕੱਢਣਾ ਏ ।
ਨਾਮ ਦੇ ਕੇ ਹੋਰ ਕੀ ਲਭਾਈਏ,
ਜਦੋਂ ਅਸੀਂ ਸਾਹਮਣੇ ਆ ਜਾਈਏ,

੬੪

ਤੁਹਾਨੂੰ ਸਾਰੀਆਂ ਤ੍ਰਿਸ਼ਨਾ ਮਿਟ ਜਾਣੀਆਂ ਚਾਹੀਦੀਆਂ ਨੇ ।
ਨਾਮ ਈਸ਼ਰ ਦਾ ਨਾਂ ਹੁੰਦਾ ਜੇ
ਜੇਹੜਾ ਨਾਂ ਲਈਏ ਓ ਨਾਮ ਹੁੰਦਾ ਜੇ ।

ਸਿੱਖਾਂ ਵਾਸਤੇ ਕਠਨ ਤਪਸਿਆ ਨਹੀ ਕੋਈ ਹੋਈ ।
ਕੋਈ ਘਾਲਨਾ ਨਹੀਂ ਘਾਲਨੀ ਪਈ ।

ਰਾਗਾਂ ਨਾਲ, ਨਾ ਕਿਸੇ ਚੀਜ ਨਾਲ ਈਸ਼ਰ ਨਹੀਂ ਜੇ ਰੀਝਦਾ,
ਜੇ ਕੋਈ ਆਖੇ ਮੈਂ ਰਝਾਲਾਂ ।

ਤੇ ਸਮੇਂ ਦਾ ਜੇਹੜਾ ਮਾਲਕ ਹੋਵੇ ਓਹ ਵੇਲਾ ਵਰਤਾਈ ਜਾਂਦਾ ਜੇ
ਤੇ ਓਹ ਆਪਦਾ ਨਾਂ ਜਪੌਂਦਾ ਜੇ ।
ਕਲਜੁਗ ਦੀ ਆਰਜਾ ੪ ਲੱਖ ਤੇ ੩੨ ਹਜਾਰ ਜੇ
ਸਾਰੀਆਂ ਦੀ ਦੁਰਮਤ ਦੇਹ ਹੋ ਗਈ ਤੇ ਪਾਪ ਕਮੌਣ ਲੱਗ ਪਏ ।

ਅਸੀਂ ਗੰਜੇ ਨੂੰ ਵੀ ਦਰਸ਼ਨ ਦੇਣ ਚਲੇ ਜੇ ।
ਦੀਪ ਸਿੰਘ ਚਲ ਤੂੰ ਬਣਾ ਸਈ ਸੰਗਤਾਂ ਵਾਸਤੇ ਥਾਂ
ਸਭੋ ਕੁਛ ਬਣ ਰਿਆ ਏ ਏਸੇ ਤਰਾਂ ।

ਅੱਜ ਕਿਹੜੇ ਤੁਸੀਂ ਤਿਹਾਏ ਜੇ,
ਜਦੋਂ ਅਸੀਂ ਹਾਜਰ ਹੋਈਏ ਫੇਰ ਕਿਹੜੀ ਗਲ ਆ ।
ਅਸੀਂ ਚਲਦੇ ਓਸੇ ਚਾਲ ਤੇ ਆ ।

ਜਦੋਂ ਮਰਜੀ ਅਰਜ ਕਰਿਆ ਕਰੋ, ਅਸੀਂ ਹਾਜਰ ਹੋਵਾਂਗੇ ।

ਕਿੰਨਾਂ ਚਿਰ ਹੋਇਆ ਲਿਖਾਈਆਂ ਹੋਈਆਂ ਨੂੰ ਕੋਈ ਮੰਨਦਾ ਨਹੀਂ ਸੀ,
ਇਕ ਬਚਨ ਨਹੀਂ ਸੀ ਕੋਈ ਮੰਨਦਾ ।

ਸਾਨੂੰ ਤਾਂ ਬੜਾ ਸੋਹਣਾ ਲੱਗਦਾ ਇਹ ਸਮਾਂ,
ਅਸਾਂ ਰਚਨਾ ਰਚੀ ਆ ਨਾ,
ਜਿਨਾਂ ਨੂੰ ਬਣਾਇਆ ਅਮਲੀਆ ਵਿਚ ਵੀ ਬੈਠੇ ਸਾਡਾ ਜਸ ਗੌਂਦੇ ਨੇ ।

ਆਪਣੇ ਪੇਟ ਬਦਲੇ ਪੜ੍ਹਨੀ ਬਾਣੀ, ਮਾਇਆ ਬਦਲੇ,
ਵਿਚੋਂ ਮੈਲੇ ਤੇ ਗੰਦੇ ਜੇ, ਕੁੱਤਿਆ ਨਾਲੋਂ ਵੀ ਭੈੜੇ ਨੇ ।

ਇਹ ਜਿਹੜਾ ਹੁਣ ਆ ਪ੍ਰੇਮ ਸੰਗਤ ਦੇ ਵਿਚ
ਇਹ ਕਿਤੇ ਨਹੀਂ ਲੱਭਣਾ ।

ਜੀਵ ਭੁੱਲ ਕਰਦਾ ਤੇ ਫੜਿਆ ਜਾਂਦਾ ਜੇ ।
ਈਸ਼ਰ ਚੰਗਾ ਮੰਦਾ ਕਰਦੇ ਤੇ ਕਿਸੇ ਦਾ ਡਰ ਨਹੀਂ,
ਏਨਾ ਆਖ ਦੇਣਾ ਕਿ ਭਾਣਾ ਹੋ ਗਿਆ,
ਸੰਗਤ ਸਾਨੂੰ ਰੋਕ ਸਕਦੀ ਆ, ਬੇਨਤੀ ਕਰਕੇ ।
ਸੰਗਤ ਵਿਚ ਏਨੀ ਸਮਰਥਿਆ ਹੁੰਦੀ ਆ ।
ਸੰਗਤ ਤੋਂ ਬਿਨਾ ਈਸ਼ਰ ਕਿਸ ਕੰਮ ਦਾ ਹੁੰਦਾ ਜੇ ।

ਲੋਹਾ ਨਾਲ ਛੋਹ ਕੇ ਪਾਰਸ ਦੇ ਸੋਨਾ ਹੋ ਜਾਂਦਾ ਜੇ
ਸੰਗਤ ਵਿਚ ਬਹਿਕੇ ਸੋਨਾ ਹੋ ਜਾਂਦਾ
ਐਨਾ ਚਰਨਾਂ ਨਾਲ ਛੋਹ ਕੇ ਹੁੰਦਾ ਜੇ,
ਨਹੀਂ ਤੇ ਅਸੀਂ ਕਿਸੇ ਨੂੰ ਸਿਰ ਨਹੀਂ ਝੁਕੌਣ ਦੇਂਦੇ ।

ਨਾਮਾ ਸਾਨੂੰ ਭੁੱਲ ਗਿਆ ਸੀ ਅਸੀਂ ਨਹੀਂ ਭੁੱਲੇ ।
ਸ਼ਬਦ ਰੂਪ ਹੋਇਆਂ ਦੇ ਮਗਰੋਂ ਵੜੇ ਬਚਨ ਕੱਢਦਾ ਰਿਹਾ
ਅਸੀਂ ਦਿਲ ਤੇ ਨਹੀਂ ਆਂਦੇ ।

ਪ੍ਰਤਾਪ ਸਾਡੇ ਬੱਚੇ ਨੇ ਸਾਨੂੰ ਮਾੜੇ ਲਗਦੇ ਨੇ
ਮੋਤਿਆ ਵੇਖ ਪੱਗ ਤੇਰੀ ਕਿਥੇ ਪਈ ਆ ।
ਸਾਡਾ ਤਾਜ ਆ ਪੱਗ ਤੇ ਅਸੀਂ ਤੈਨੂੰ ਦੇਨੇ ਆਂ ।

ਘਰ ਤਾਂ ਪ੍ਰਵੇਸ਼ ਹੁੰਦੇ ਆ ਲੋਕੀ ਆਖਣ ਨਾ ਭਈ
ਘਰ ਵਿਚ ਪ੍ਰਵੇਸ਼ ਨਹੀਂ ਹੁੰਦੇ ।

ਸੰਗ ਕਾਹਦੀ ਮੋਤਿਆ ਪੱਲੂ ਫੇਰਨ ਦੀ,
ਓਹੋ ਪੱਗ ਹੁਣ ਸਾਡੇ ਹੱਥ ਵਿਚ ਆ ।

ਭੁਲੇਖੇ ਵਾਲਾ ਤਾਂ ਹੁਣ ਕੰਮ ਨਾ ਹੋਇਆ ।
ਆ ਗਿਆ ਵੇਲਾ, ਹੁਣ ਤੁਹਾਨੂੰ ਐਡਾ ਮਾਣ ਦੁਵੌਣਾ ।

ਵੇਖੋਗੇ ਨਾ ਅਸਾਂ ਆਖਿਆ
ਦਿਨ ਤਾਂ ਮਿਥ ਲਿਆ ਜੇ ਓਦਣ ਭਜਨ ਜੰਞੇ ਨਹੀਂ ਜੇ ਚੜ੍ਹ ਸਕਦਾ,
ਅਸਾਂ ਸਾਫ ਆਖਤਾ ਸੀ ਜੇ ੨੨ ਭਾਦਰੋਂ ਦਾ ਵਿਆਹ ਕੀਤਾ ਜੇ,
ਤੇ ਅਸੀਂ ਜੰਞੇ ਚੜਨ ਜੋਗਾ ਨਹੀਂ ਰਹਿਣ ਦੇਂਦੇ ।

ਵੇਖੋ ਅੱਜ ਵੇਲਾ ਜੇ, ਓਹੋ ਸਾਹਿਆ ਕਰਲੋ,
ਅਰਜ ਕਰਕੇ ਤੇ ਭਜਨ ਰਾਜੀ ਖੁਸ਼ੀ ਜੰਞੇ ਚੜ ਸਕਦਾ ਜੇ ।
ਅਮਲੀਆ ਮਾਣ ਕਿਸੇ ਦਾ ਨਹੀਂ ਹੋ ਸਕਦਾ ।

ਇਕ ਬਚਨ ਰਣਜੀਤ ਕੌਰ ਲਿਖਤਾ ਸੀ,
ਓਸੇ ਦੀ ਫੜੀ ਆ ।
ਓਸੇ ਵੇਲੇ ਅਸਾਂ ਆਖ ਤਾਂ ਸੀ ਲਾ ਲਾ ਵਾ ਜਿਹੜੀ ਲੱਗਦੀ ।

ਛੇਤੀ, ਜੀਉਣ ਸਿੰਘ  ਤੇਰੇ ਪ੍ਰਾਣ ਤਾਂ ਨਹੀਂ ਸੀ ਕੱਢ ਲੈਣੇ ।
ਵੇਲਾ ਚਿਤਾਰਿਆ ਸੀ ਵੇਲਾ ਆ ਗਿਆ ਜੇ । ਚੇਤਾ ਰੱਖਿਓ ਜੇ ।

ਆਤਮਾ ਸਿੰਘ ਦੇ ਸਾਹਮਣੇ ਨਾਮੇ ਦੀ ਵੌਹਟੀ ਨੂੰ ਆਖਿਆ ਸੀ
ਇਕ ਚੀਜ ਰਹੂ ਤੇਰੇ ਕੋਲ, ਜਾਂ ਦੁੱਧ ਰਹੂ ਜਾਂ ਔਲਾਦ ਰਹੂ ।

ਚੇਤ ਦੀ ਪਹਿਲੀ ਨੂੰ ਸਾਰਿਆਂ ਨੂੰ ਦਾਤਾਂ ਦਿਤੀਆਂ ਸੀ,
ਵੀਰੋ ਨੂੰ ਮੇਜੋ ਨੂੰ ਮੂੰਹ ਤੇ ਕਪੜਾ ਪਾਕੇ ਤਵੀਤ ਲਿਖਕੇ ਦਿਤਾ ਸੀ ।

ਜਿਥੇ ਅਸੀ ਹਾਜਰ ਹੋ ਜਾਈਏ ਓਥੇ ਸਚਖੰਡ ਹੁੰਦਾ ਜੇ ।
ਤੁਹਾਡਾ ਚੰਦਰਮਾ ਸੱਚ ਦਾ ਅੱਜ ਚੜਨਾ ਜੇ,
ਰਾਤ ਦੇ ਬਾਰਾਂ ਵਜੇ ਵਖਾਵਾਂਗੇ,
ਦੱਸਾਂਗੇ ਚੰਦਰਮਾ ਹੁੰਦਾ ਕੀ ਆ ।

ਜਿੰਨੇ ਮੇਵੇ ਜਿੰਨੇ ਫਲ ਜਿੰਨੇ ਮੰਡਲ ਨੇ ਸਾਰੇ ਕੂੜੇ ਦੱਸੇ ਨੇ,
ਤੇ ਕੂੜੇ ਨਾਲ ਨਿਹੁੰ ਲਾ ਕੇ ਕਰਤਾਰ ਵਿਸਰ ਜਾਂਦਾ ਜੇ ।

ਤੁਸਾਂ ਤਾਂ ਅਜੇ ਵੇਖਿਆ ਕੁਛ ਨਹੀਂ
ਸਾਨੂੰ ਵੇਖਿਆ ਕਰੋ ਕਿਸ ਤਰਾਂ ਨੰਗੀ ਪੈਰੀ ਭੱਜੇ ਫਿਰਦੇ ਆ ।
ਇਕ ਜੁਗ ਦੇ ਵਿਚ ਕਈ ਔਂਦੇ ਨੇ,
ਪਰ ਜਦੋਂ ਜੁਗ ਉਲਟੌਣਾ ਹੋਵੇ ਓਦੋਂ ਸਾਨੂੰ ਆਪ ਔਣਾ ਪੈਂਦਾ ਏ ।
ਵੇਖਿਓ ਸਤਿਜੁਗ ਦਾ ਰਥ, ਕੌਣ ਇਹੰਦਾ ਰਥਵਾਹੀ ਬਣਦਾ ਏ ।

ਈਸ਼ਰ ਜਿਹੜਾ ਹੁੰਦਾ ਕਮਲ ਨੈਨ ਹੁੰਦਾ ਜੇ,
ਦਿਲ ਤਾਂ ਵੜਾ ਕਰਦਾ ਵੱਡੇ ਵੱਡੇ ਬਚਨ ਕਰੀਏ,
ਪਰ ਤੁਹਾਨੂੰ ਸਮਝ ਨਹੀਂ ਔਂਦੀ,
ਅਸੀਂ ਜੇਹੜੇ ਬਚਨ ਕਰਦੇ ਆਂ ਕਈ ਭੁੱਲ ਜਾਂਦੇ ਨੇ,
ਤੁਹਾਡੇ ਵਰਗੇ ਈ ਹੋ ਕੇ ਬਚਨ ਕਰਦੇ ਆਂ ।

ਇਕ ਸੁਦਾਮੇ ਦਾ ਦਲਿਦਰ ਕੱਟਿਆ ਤੇ
ਕਿੰਨੀਆਂ ਬਾਣੀਆਂ ਤੁਰੀਆਂ ਔਦੀਆਂ ਨੇ ।
ਤੁਸੀਂ ਸਾਰੇ ਦਲਿਦਰੀ ਤੇ ਭੁੱਖੇ ਬੈਠੇ ਜੇ,
ਭੁੱਖ ਹੁਣ ਤਾਂ ਨਹੀਂ ਵਰਤਾਈ,
ਬਾਬੇ ਹੋਰਾਂ ਬਾਣੀ ਲਖਵਾਈ ਸੀ,
ਸਾਡਾ ਕਿਹਾ ਮੋੜ ਨਹੀ ਸੀ ਸਕਦੇ
ਸਾਧ ਸੰਗਤ ਵੜੀ ਚੀਜ ਜੇ,
ਬਾਣੀ ਵਿਚ ਭੁਲੇਖਾ ਕੋਈ ਨਹੀਂ ਜੀਅ ਵਿਚ ਭੁਲੇਖਾ ਜੇ ।
ਅਮਲੀਆ ਭੁਲੇਖਾ ਕੋਈ ਨਹੀਂ ਰੱਖਿਆ ।

ਬਾਰ ਵਿਚ ਸਾਡਾ ਬਚਨ ਸੀ,
ਪੰਜ ਵੇਰਾਂ ਨਾਂ ਲੈ ਕੇ ਦੇ ਦੇਈਏ ਤੇ ਤੜਫਦਾ ਹਟ ਜਾਂਦਾ ਏ ।

ਅਸਾਂ ਆਪਣੇ ਧਾਮ ਨੂੰ ਬੜੀ ਵਡਿਆਈ ਦਿਤੀ ਆ,
ਬਿਰਾਜਮਾਨ ਜੁ ਉਤੇ ਹੁੰਦੇ ਹੋਏ ।
ਜਿਥੇ ਸਾਡੇ ਚਰਨ ਪੈ ਜਾਣ
ਓਹ ਵੀ ਥਾਂ ਪੂਜਨੀਕ ਬਣ ਜਾਣਾ ਹੋਇਆ ।

ਮੋਤਿਆ ਉਰੇ ਆ ਜਾ ।
ਐਹੋ ਵੇਲਾ ਸੀ ਜਦੋਂ ਪਰਲਾਦ ਦੇ ਸੰਕਟ ਕੱਟੇ ਸੀ ।
ਦਲੀਪ ਸਿੰਘ ਗਗੋਬੂਏ ਵਾਲਾ ਕਿਥੇ ਆ ।
ਅਮਲੀਆ ਸਾਰਿਆ ਦੇ ਦੁੱਖ ਝਾੜੀਏ ।
ਇਹ ਬੈਠੇ ਰਹਿੰਦੇ ਨੇ ਤਾਂ ਵੀ ਦੁੱਖ ਹਟਾ ਦੇਨੇ ਆਂ ।

ਜਿਥੇ ਕੋਈ ਨਾ ਪੁੱਜੇ ਓਥੇ ਹਾਜਰ ਹੁੰਦੇ ਆਂ ।
ਬਾਂਹ ਓਹਦੀ ਫੜੀਏ ਜਿਹੜਾ ਹਾਜਰ ਹੋਣ ਵਾਲਾ ਹੋਵੇ ।

ਬੇਬੇ ਕੀ ਗੱਲ ਆ
ਸਾਡੇ ਚਰਨਾਂ ਵਿਚ ਆਜੇ ਤੇ ਠੀਕ ਹੋ ਗਿਆ ।

ਜੀਹਦੇ ਭਾਗਾਂ ਵਿਚ ਨਾ ਹੋਵੇ ਓਹਨੂੰ ਪਤਾ ਵੀ ਹੁੰਦਾ
ਤੇ ਫੇਰ ਰਹਿ ਜਾਂਦੇ ਨੇ ।
ਹੁਣ ਫੇਰ ਵੇਖੋ ਕਈ ਰਹਿਗੇ ਨੇ ।

ਵੀਰੋ ਕਿਥੇ ਆ, ਸੁਤੀ ਤਾਂ ਨਹੀਂ, ਪ੍ਰਸ਼ਾਦ ਕਰਾ ਕੇ,

ਚਬਲ ਸੁੱਤੀ ਆ ।

ਲਾਲਾਂ ਨੂੰ ਪਰਖਣਾ ਤੁਹਾਡਿਆਂ ਨੂੰ
ਕਿਉਂ ਬੰਸੋ ਚਬਲੇ ਲਿਆ ਜਗਤਾਰ ਨੂੰ ।
ਚੀਜ ਇਕੋ ਹੁੰਦੀ ਆ ਦੋ ਨਹੀਂ
ਅਸੀਂ ਤਾਂ ਠੀਕ ਕਰਦੇ ਆ ।

ਜਿਸ ਤਰਾਂ ਨਾਂ ਜਗਤਾਰ ਦਾ ਰੱਖਿਆ
ਏਸੇ ਤਰਾਂ ਹੁਣ ਪ੍ਰਭਜੋਤ ਸਿੰਘ ਰੱਖਿਆ ਜੇ ।

ਅਸੀਂ ਗੁੱਸਾ ਤਾਂ ਕਰਦੇ ਨਹੀਂ
ਜਿਹੜਾ ਭੁੱਲਦਾ ਓਹਨੂੰ ਅਸੀਂ ਪਹਿਲੋਂ ਸੱਦਦੇ ਆ ।

ਨੱਥਾ ਸਿੰਘ ਕੱਲਾ ਆਇਆਂ ਏਂ ।
ਜਿਦਣ ਅਸੀ ਭੁੱਚਰ ਗਏ ਸਾਂ ਓਦਣ ਵੀ ਨਾਲ ਸੀ ਸਾਡੇ ।
ਜਿਹਨੂੰ ਕਿਸੇ ਨੂੰ ਖਿਚ ਵੱਜਦੀ ਆ, ਓਦੋਂ ਕੋਈ ਏਦਰ ਔਂਦਾ ।

ਤੂੰ ਤਾ ਵੇਖ ਲਿਆ ਨਾ ਕਿੰਨਾ ਸਰੀਰ ਭੰਨਦੇ ਸਾਂ ਜੋਤ ਵਿਚ ਆਣ ਕੇ ।
ਦੁਨੀਆ ਨੇ ਇਕ ਧੱਕਾ ਨਹੀਂ ਝੱਲਿਆ ।
ਬਹਿਜਾ, ਜੇ ਸਾਡੇ ਵਲੇ ਖਿਆਲ ਰੱਖੇਗਾ
ਤੇ ਫੇਰ ਤੈਨੂੰ ਵੀ ਨਾਲ ਖਿੱਚੀ ਫਿਰਾਂਗੇ ।

ਇੰਦਰ ਸਿੰਘ ਗਲਤੀਆਂ ਨਾ ਕਰਿਆ ਕਰੋ,
ਵੱਡੀਆਂ ਗਲਤੀਆਂ ਕਰਦੇ ਜੇ,
ਜੇਹੜੀਆਂ ਤੁਹਾਨੂੰ ਕਰਨੀਆਂ ਨਹੀਂ ਚਾਹੀਦੀਆ ।

ਪਾਤਸ਼ਾਹ ਦਾ ਖਜਾਨਾ ਤੁਹਾਡੇ ਹੱਥ ਵਿਚ ਆ,
ਤੁਹਾਨੂੰ ਕਾਹਦਾ ਘਾਟਾ ਏ ।

ਤੁਸਾਂ ਸਾਡੇ ਚਰਨਾਂ ਵਿਚ ਕੀ ਖਲੌਣਾ ਅਸੀਂ ਜੁ ਖਲੋਨੇ ਆ ।
ਕਾਰਨ ਅਮਲੀਆ ਵੜਾ ਵੱਡਾ ਸੀ,
ਅਸਾਂ ਆਖਿਆ ਇਕ ਜਗਾ ਕੇ ਲਿਆਇਓ ਜੇ
ਅਸੀ ਪਲੰਘ ਤੋਂ ਤਾਕਤਾਂ ਕੱਢਕੇ ੫ ਕਰਾਂਗੇ ।

ਬਾਬੇ ਮਨੀ ਸਿੰਘ ਦਾ ਸਿਖਾਂ ਨੂੰ ਭੁਲੇਖਾ ਨਹੀਂ
ਤੇ ਦੂਜਿਆ ਸਾਹਿਬਜਾਦਿਆ ਦਾ ਭੁਲੇਖਾ ਸੀ,

ਅਸਾਂ ਸਾਹਿਬਜਾਦਿਆ ਦਾ ਭੁਲੇਖਾ ਕੱਢਣਾ ਸੀ ।

*ਸੱਚੇ ਪਿਤਾ ਕਈ ਸਾਲ ਹੋ ਗਏ ਨੇ*
*ਬਾਬੇ ਹੋਰਾਂ ਆਂਦੇ ਸੀ ਪਾਤਸ਼ਾਹ ਰਕਾਬੇ ਪੈਰ ਪਾਇਆ ਏ ।*

ਏਸੇ ਤਰਾਂ ਠੀਕ ਆ ਸਾਡਾ ਪੈਰ ਵੀ ਵੱਡਾ ਹੁੰਦਾ ਨਾ,
ਹੈ ਤਾਂ ਏਸੇ ਤਰਾਂ ਅਮਲੀਆ ।
ਏਨਾਂ ਚਿਰ ਹੋਰ ਹੋਣ ਨਾਲ ਨਾ ਬਣਾਕੇ ਮਲੀਆ ਮੇਟ ਹੋ ਜੂ
ਫੇਰ ਏਨਾਂ ਨੂੰ ਚੀਜ ਸੰਭਾਲਣ ਦਾ ਪਤਾ ਹੋਜੂ,
ਕਿਸ ਤਰਾਂ ਮਿਲੀ ਆ ।
ਛੇਤੀ ਤਾਂ ਲੱਗੇ ਸਾਂ ਕਰਨ ਅਮਲੀਆ
ਏਨੇ ਨਾਲ ਬਾਬੇ ਹੋਰਾਂ ਦਾ ਬਚਨ ਸਤ ਹੋ ਜੂ, ਬਾਰਾਂ ਕੋਹਾ ਵਾਲਾ ।

ਤੁਹਾਨੂੰ ਡਰ ਨਹੀ ਹੋਣਾ ਚਾਹੀਦਾ, ਲੋਕੀ ਰੋਣਗੇ ਤੇ ਤੁਸੀਂ ਹੱਸੋਗੇ ।
ਵੇਲਾ ਆਇਆ ਤੇ ਜੇ ਤੁਹਾਨੂੰ ਹੁਣ ਲੈ ਕੇ ਤੁਰ ਪਈਏ ਤੇ
ਲੋਕੀ ਵੀ ਬਚ ਜਾਣਗੇ ।

ਤੁਹਾਡੇ ਤਾਂ ਕੋਲ ਹੁੰਦੇਂ ਆ ਤੁਹਾਨੂੰ ਵਡਾ ਮਾਣ ਹੋਣਾ ਚਾਹੀਦਾ
ਕਿ ਸਵਾ ਦਾ ਪ੍ਰਸਾਦ ਕਰਾਕੇ ਅਸਾਂ ਹੁਣੇ ਸੱਦ ਲੈਣੇ ਨੇ ।

ਪੈਂਡਾ ਤਾ ਵੜਾ ਬੈਕੁੰਠ ਧਾਮ ਦਾ ਦੂਰ ਏ,
ਪਰ ਤੁਹਾਡੇ ਅਸੀਂ ਕੋਲ ਹੁੰਦੇ ਆ ।
ਅਮਲੀਆ ਇਕ ਛਿਨ ਵਿਚ ਔਂਦੇ ਆਂ ।
ਏਥੇ ਹਨੇਰਾ ਨਹੀ, ਜਿਨੀ ਦਾਤ ਵੰਡੀਏ ਓਨਾ ਚਾਨਣ ਹੁੰਦਾ ਜੇ ।

ਅਮਲੀਆ ਪੂਰੇ ਗੁਰ ਦੀ ਵਡਿਆਈ ਵੜੀ ਹੁੰਦੀ ਆ ।
ਜਿਸ ਤਰਾਂ ਚੰਨਣ ਦੇ ਕੋਲ ਨਿੰਮ ਦੀ ਬਾਸ਼ਨਾ ਹੁੰਦੀ ਆ
ਏਸੇ ਤਰਾਂ ਸੰਗਤ ਵਿਚ ਕੁਸੰਗੀ ਵੀ ਤਰ ਜਾਦਾ ਜੇ ।

ਬਚਨ ਸੁਣ ਤੇ ਤੈਨੂੰ ਬਚਨ ਦੱਸੀਏ,
ਅਮਲੀਆ ਜਿਸ ਤਰਾਂ ਤੂੰ ਪੁੱਤ ਨਹੀਂ ਮਰਵਾ ਸਕਦਾ,
ਏਸੇ ਤਰਾਂ ਤੂੰ ਪੰਜ ਤਤ ਤੇ ਦੁਨੀਆ ਦੇ ਵਿਕਾਰਾਂ ਨੂੰ ਨਹੀਂ ਮਾਰ ਸਕਦਾ ।

ਅਸੀਂ ਵੀ ਏਹੋ ਬਚਨ ਆਂਦੇ ਆ ਸਾਡੇ ਬੱਚੇ ਨੇ,
ਜੇਹੜਾ ਸਾਡੇ ਵਲ ਇਕ ਕਦਮ ਤੁਰੇ
ਤੇ ਸਾਨੂੰ ੧੦੦੦ ਕਦਮ ਤੁਰਨਾ ਪੈਂਦਾ ਏ ।

ਕਲਜੁਗ ਦੀ ਰੀਤੀ ਹੋਰ ਸੀ,
ਨੀਤੀ ਤੇ ਚਲੇ ਤੇ ਰੀਤੀ ਤੇ ਨਹੀਂ ਚਲੇ ।

ਗੁਰਬਾਣੀ ਵਿਚ ਭਾਈ ਗੁਰਦਾਸ ਨੇ ਲਿਖਿਆ
ਓਨ ਆਖਿਆ ਜੀਵ ਮਾਰਨਾ ਧਰਮ ਆ, ਤੇ ਅਧਰਮ ਕਿਹੜਾ ਹੋਇਆ ?
ਗੁਰੂਆਂ ਦੀ ਰੀਸ ਕਰਦੇ ਨੇ,
ਓਹਨਾ ਤਾਂ ਮਾਰ ਵੀ ਲੈਣਾ ਹੋਇਆ ਤੇ ਜਵਾ ਵੀ ਲੈਣਾ ਹੋਇਆ ।
ਮਾਰਨ ਵਾਲਾ ਜੇ ਮੁਨੀ ਬਣਜੇ ਤੇ ਰਾਖਸ ਕਿਹੜਾ ਹੋਇਆ ।
ਇਕੋ ਜੀਅ ਮਾਰਨ ਦੀ ਲੋੜ ਹੈ,
ਆਪਣਾ ਆਪ ਪਛਾਨਣ ਦੀ ਲੋੜ ਹੈ ।

ਖੋਟੇ ਖਰੇ ਏਥੇ ਪਰਖੀਏ ਜੇ ।
ਐਵੇਂ ਵੇਖਕੇ ਸਿਖਾਂ ਵੱਲ ਨਾ ਮੱਥਾ ਟੇਕਿਓ ਜੇ,
ਟੋਹਕੇ ਢੂੰਡ ਕੇ ਲੜ ਲੱਗਿਓ ਜੇ ।
ਅੱਜ ਤਾਂ ਵੇਲਾ ਜੇ ਪਰਖਣ ਵਾਲਾ
ਜਦੋਂ ਦੇ ਜੋਤ ਰੂਪ ਹੋਏ ਆਂ ਜੋ ਬਚਨ ਮੂੰਹੋ ਕੱਢਾਂਗੇ ਪੂਰਾ ਕਰਾਂਗੇ
ਜਿਨਾਂ ਚਿਰ ਪੂਰਾ ਨਾ ਹੋਊ
ਓਨਾ ਚਿਰ ਅਗਾਂਹ ਸੰਗਤ ਵਿਚ ਬਚਨ ਨਹੀਂ ਕਰਦੇ ।

ਜਿੰਨਾਂ ਚਿਰ ਦਇਆ ਨਾ ਹੋਵੇ
ਓਨਾਂ ਚਿਰ ਸੰਗਤ ਵਿਚ ਕੋਈ ਖਲੌਂਦਾ ਨਹੀਂ,
ਚਾਰ ਗਾਲਾਂ ਕੱਡਕੇ ਭਾਵੇਂ ਚਲਿਆ ਜਾਵੇ ।

ਅਸਾਂ ਤਿੰਨ ਵਜੇ ਚਲੇ ਜਾਣਾ ਸੀ ਬਦੋ ਬਦੀ ਉਤੇ ਟੈਮ ਲੈਗੇ ।
ਜੇ ਮਾਸਟਰ ਅਸੀਂ ਫੇਰ ਸੰਗਤ ਨੂੰ ਦੱਸਦੇ ਆ,
ਵੇਖਿਓ ਡੋਲਿਓ ਨਾ,
ਬਾਬੇ ਹੋਰਾ ਦੀ ਲਿਖਤ ਸੀ ਐਥੇ ਵੀ ਤੇ ਇਹਵੀ ਪੂਰੀ ਕਰਨੀ ਆ ।
ਹੁਣ ਫੇਰ ਓਦੋ ਆਵਾਂਗੇ ਜਦੋਂ ਨਾਲ ਲੈ ਕੇ ਤੁਰਨਾ ਹੋਇਆ ।

❖ ੫ ਜੇਠ ੨੦੦੬ ਬਿਕ੍ਰਮੀ ਕਲਸੀ ਬਚਨ ਹੋਏ ❖

ਚਿੰਤਾ ਦੇ ਵਿਚ ਸਹਾਈ ਕੋਈ ਨਹੀਂ ਹੁੰਦਾ, ਸਾਰੇ ਪਿੱਛਾ ਦੇ ਜਾਂਦੇ ਨੇ ।

ਪ੍ਰਸ਼ਾਦ ਦੇ ਦੇਈਏ ਬੀਬੀ ਨੂੰ, ਸੰਗਤੇ ਬਹਿ ਜਾ ।
ਬੀਬੀ ਪਾਲੋ ਬੇਬੇ ਜਾਣ ਲੱਗੇ ਅੰਮ੍ਰਿਤ ਲੈ ਜਿਓ ਜੇ

ਤੇ ਸਾਰੇ ਅੰਦਰ ਛੱਟਾ ਦੇ ਦਿਓ ਜੇ ।
ਸਾਰੇ ਬਹਿਜੋ ਹੁਣ ।

ਤੇਜਾ ਸਿੰਘ ਸੰਗਤ ਦੇ ਵਿਚ ਅੰਦਰ ਤੇ ਬਾਹਰ ਫਿਰਕੇ ਪੁੱਛਲਾ,
ਕੋਈ ਨਿਆਸਰਾ ਨਾ ਰਹਿਜੇ,
ਤੇ ਜੇਹੜਾ ਕੋਈ ਵੱਡੇ ਮਾਣ ਵਾਲਾ,
ਜਿਨ ਭੁਲੇਖਾ ਕੱਢਣਾ ਓਹ ਵੀ ਆ ਜੇ ।
ਜੇਹੜਾ ਅੱਜ ਦਿਨ ਆ ਫੇਰ ਨਹੀਂ ਲੱਭਣਾ ।

ਅਮਲੀਆ ਭਾਣੇ ਨੂੰ ਸਤਿ ਕਰਕੇ ਮੰਨੀ ਜਾਈਏ ਤੇ ਡੋਲੀ ਦਾ ਨਹੀਂ ।
ਈਸ਼ਰ ਸਰਬ ਵਿਚ ਰੋਮ ਰੋਮ ਵਿਚ ਰਵਿਆ ਜੇ ।
ਅਸੀਂ ਹੁਣ ਆਪਣੀ ਖੇਡ ਪੂਰੀ ਕਰੀ ਬੈਠੇ ਜੇ ।
ਇਕੋ ਕਾਰਜ ਰਹਿ ਗਿਆ ਨਿੱਕਾ ਜਿਹਾ,
ਨਾ ਕਰੀਏ ਤੇ ਝੂਠੇ ਹੁੰਦੇ ਆ, ਲਿਖਾ ਜੇ ਬੈਠੇ ਪਹਿਲੋਂ ।

ਅਮਲੀਆ ਅਰਜ ਤੁਹਾਡੀ ਇਕੋ ਆ ਵੱਡੀ,
ਵੇਲਾ ਤਾਂ ਹੁਣ ਈ ਆ ਬੰਨੇ ਲੌਣ ਦਾ ।

ਲੈ ਪ੍ਰੀਤਮ ਸਿੰਘ ਤੁਹਾਨੂੰ ਹੁਣ ਪਿੱਛਾ ਨਹੀਂ ਦੇਂਦੇ,
ਉਠ ਤਾਂ ਲੈ ਫੜ ਪ੍ਰਸਾਦ, ਨਾਲੋ ਨਾਲ ਤੈਨੂੰ ਸ਼ਬਦ ਦੇਂਦੇ ਰਹਵਾਂਗੇ ।
ਮੈ ਹੁਣ ਗੋਪੀਆ ਦਾ ਨਾਥ ਤੇ ਬੰਦੀ ਛੋੜਤ ਜੇ ।
ਐਨੀ ਤਾਂ ਸੰਗਤ ਦਾ ਬਚਨ ਨਹੀਂ ਮੋੜਿਆ ਜਾਦਾ ।

ਪ੍ਰਸ਼ਾਦ ਕਾਹਦਾ ਏ,
ਜਿਧਰ ਵੇਖਿਆ ਕਰੇਗਾ ਤੇਰੇ ਨਾਲ ਰਿਹਾ ਕਰਾਂਗੇ,
ਤੇਰੇ ਅੰਗ ਸੰਗ ਹੋ ਕੇ ਰਹਿਵਾਂਗੇ ।

ਓਹਨੂੰ ਚਬਲ ਨੂੰ ਫੇਰ ਸਮਝਾ ਛੱਡੀ ।
ਪ੍ਰੀਤਿਆ ਕਾਰਜ ਤਾਂ ਤੇਰਾ ਹੋਇਆ,
ਪ੍ਰੀਤਿਆ ਬੇਨਤੀ ਕੋਈ ਹੋਰ ਵੀ ਹੈਗੀ ਜੇ ।
ਕਾਕੇ ਦਾ ਨਾਂ ਰਗਬੀਰ ਸਿੰਘ ਜੇ ।

ਦਰਸ਼ਨਾਂ ਤੇਰੀ ਭੁੱਲ ਨੇ ਤਾਂ ਸਾਰਾ ਪ੍ਰਵਾਰ ਬੰਨਕੇ ਮਾਰਤਾ,
ਐਸ ਵੇਲੇ ਕਿਨਾ ਕਸ਼ਟ ਉਠੌਣਾ ਪਿਆ ਏ ।
ਏਸੇ ਕਰਕੇ ਅਸਾਂ ਬਚਨ ਲਿਖਕੇ ਘੱਲਤੇ ਸੀ ਐਥੇ ਤੇ ਓਥੇ ਵੀ ।

ਕਰੋ ਅਰਜ ਜਿਨ ਕਰਨੀ ਆ ।

*ਪਾਤਸ਼ਾਹ ਗੱਜਣ ਤੇ ਦਇਆ ਕਰੋ ।*

ਹੁਣ ਗੱਜਣ ਕਿਥੇ ਆ, ਅਮਲੀਆ ਦੁੱਖ ਕਿਹੜਾ ਏ,
ਦੁੱਖ ਇਕ ਆ ਕੇ ਦੋ ਜੇ ।
ਏਨਾਂ ਪਤਾ ਤੇ ਫੇਰ ਹੋਰ ਕੀ ਤੁਹਾਨੂੰ

ਗੁਰਬਚਨ ਸਿੰਘ ਰਹਿਣ ਨਹੀਂ ਦੇਂਦੇ
ਜਿਥੇ ਹੋਵੋਗੇ ਪਹਿਲੋਂ ਨਾਲ ਖੜਾਂਗੇ ।

ਸਾਡਾ ਫੋਟੂ ਸਾਮ੍ਹਣੇ ਰੱਖ ਕੇ ਤੇ ਸ਼ਬਦ ਬਹਿ ਕੇ ਪੜ੍ਹਦੇ ਜੇ ।
ਕਿੰਨਾਂ ਭੁੱਲਦੇ ਜੇ, ਫੋਟੂ ਔ ਲਾਹ ਦਿਓ,
ਏਥੇ ਇਕੋ ਈ ਲੱਗੂ, ਬਹੁਤੇ ਨਹੀਂ ਲਗਦੇ ।

ਸ਼ਬਦ ਪੜ੍ਹੋ
"ਹੰਸਾਂ ਦੇਖ ਤਰੰਦਿਆ ਬੱਗਾ ਆਇਆ ਚਾਉ,"
ਬਾਹਰ ਜਾ ਕੇ ਤੇ ਚਾਰ ਚੁਫੇਰੇ ਮੂੰਹ ਕਰਕੇ ਪੜ੍ਹਿਓ ਜੇ,
ਸ਼ਬਦ ਉਚੀ ਉਚੀ ਪੜ੍ਹਿਓ ਜੇ ।

ਪ੍ਰੀਤਮ ਸਿੰਘ ਕਿਥੇ ਆ,
ਕੀ ਗਲ ਪ੍ਰੀਤਮਾ,
ਤਾਪ ਚੜਿਆ ਤੇ ਬੇਨਤੀ ਤਾਂ ਤੂੰਵੀ ਨਹੀਂ ਨਾ ਕੀਤੀ
ਅਸਾਂ ਤਾ ਚੁਟਕੀ ਮਾਰਕੇ ਦੁੱਖ ਝਾੜ ਦੇਣੇ ਹੋਏ ।
ਪਤਾ ਲੱਗਾ, ਪ੍ਰੀਤਮਾ ਕੀ ਗੱਲ ਆ,
ਐਨਾ ਭਾਰ ਸੰਗਤ ਦਾ ਤੇਰੇ ਉਤੇ ਸੁਟਿਆ ਏ,
ਕੋਈ ਝੱਲਣਾ ਸੌਖਾ ਏ, ਬਹਿਜਾ ਹੁਣ ।

ਸੁਣਨ ਦੇ ਨਾਲ ਪ੍ਰਤੀਤ ਨਹੀਂ ਅਉਂਦੀ,
ਨੈਣੀ ਪੇਖਣ ਨਾਲ ਤਾਂ ਔਣੀ ਚਾਹੀਦੀ ਆ ਨਾ ।

ਸਾਨੂੰ ਛੇਤੀ ਤਾਂ ਔਣਾ ਪੈਂਦਾ ਵੇਲਾ ਕਲਜੁਗ ਦਾ,
ਤੇ ਕਲਜੁਗ ਦਾ ਰਥ ਅਗਨ ਦਾ,
ਕੂੜ ਇਹਦਾ ਰਥਵਾਹ ਜੇ ।

ਸਭ ਕੁਛ ਆ ਇਹਦੇ ਵਿਚ,
ਸਥਿਰ ਰਹਿਣ ਵਾਲੀ ਚੀਜ ਕੋਈ ਨਹੀਂ ਇਹਦੇ ਵਿਚ,

ਸੋਲਾਂ ਪਹਿਰਾਂ ਵਿਚ ਸਾਰਾ ਦਰਬਾਰ ਰਸਨਾ ਵਿਚੋਂ ਕੱਢ ਦੇਈਏ ।
ਮੈਂ ਸੋਲਾਂ ਕਲਾ ਸੰਪੂਰਨ ਜੇ ਮਾਰਣ ਵਾਲਾ ਤੇ ਵਜੌਣ ਵਾਲਾ ਜੇ ।
ਮੈਂ ਜਲ ਥਲ ਵਿਚ ਜੇ, ਹੁਣ ਮੈਂ ਦੁਖ ਭੰਜਨ ਜੇ ।

ਉਤਮ ਉਹ ਜੇ ਜਿਨ੍ਹਾਂ ਨੂੰ ਮੈਂ ਕੱਢ ਲਵਾਂ ਜੇ ।

ਨਾਮੇ ਨੂੰ ਵੇਖ ਕੇ ਤੇ ਤ੍ਰਲੋਚਨ ਆ ਕੇ ਬਹਿ ਗਿਆ ।
ਆਖੇ ਮੈਨੂੰ ਦੱਸ ਜਿਹੜਾ ਤੇਰਾ ਛੱਪਰੀਆਂ ਛੱਤਣ ਵਾਲਾ
ਤੇ ਦੁੱਧ ਪੀਣ ਵਾਲਾ, ਦੋਹਿਰਾ ਫੇਰਨ ਵਾਲਾ ।
ਮੈਨੂੰ ਵੀ ਦੱਸ ।
ਏਥੇ ਓ ਪਹੁਚੇ ਭਗਤੀ ਵਾਲਾ ਤੇ ਪ੍ਰੇਮ ਵਾਲਾ ।
ਈਸ਼ਰ ਨਾ ਥੱਲੇ ਤੇ ਨਾ ਉਤੇ ਜੇ ਸਚਖੰਡ ਵਿਚ ਜੇ ।
ਇਹ ਮਾਤਲੋਕ ਜੇ,
ਜੇ ਤਾਰੇ ਤਾਂ ਲੱਖਾਂ ਵਰੇ ਦੇ ਪਾਪੀ ਨੂੰ ਤਾਰ ਦੇਵੇ ।

ਗੁਰੂ ਤੋਂ ਬਿਨਾ ਮੁਕਤ ਨਹੀਂ ਹੁੰਦੀ,
ਜੇਹੜਾ ਗੁਰੂ ਤੇ ਬੇਮੁਖ ਹੋਵੇ, "ਵਿਆਪਨ ਸਭੇ ਰੋਗ" ।

ਏ ਧਰਤ ਸੁਹਾਵੀ ਜੇ,
ਏਸ ਦੇਸ ਵਿਚ ਗੁਰੂ ਨਾਨਕ ਸੇਲੀ ਟੋਪੀ ਬੰਨਕੇ ਫਿਰਦਾ ਰਿਹਾ ।
ਰੋੜਾਂ ਤੇ ਸੇਜਾਂ ਕੀਤੀਆਂ, ਜੀਅ ਕਿਸੇ ਮੰਨਿਆ ਨਹੀਂ ਸੀ,
ਕੁਰਾਹੀਆ ਆਂਦੇ ਸੀ ।
ਓਹੋ ਝੂਠ ਲੋਕਾਂ ਨੂੰ ਲੈ ਕੇ ਬਹਿ ਗਿਆ ਜੇ ।
ਈਸ਼ਰ ਜਿਹੜਾ ਮੜੀਆਂ ਮਸਾਣਾਂ ਵਿਚ ਨਹੀਂ ਜੇ ਰਹਿੰਦਾ ।

ਤੁਸਾਂ ਅਰਜ ਕੀਤੀ ਸੀ ਕਿ ਪਾਤਸ਼ਾਹ ਸਮਾਧ ਪੁੱਟਕੇ
ਓਨਾਂ ਫੁਲ ਕੱਢ ਲਏ ਨੇ ।
ਜਿੰਨਾਂ ਚਿਰ ਅਸੀਂ ਜੋਤ ਰੂਪ ਆ
ਓਨਾਂ ਚਿਰ ਸਮਾਧ ਨਹੀਂ ਜੇ ਰਹਿ ਸਕਦੀ ।
ਸਾਥੋਂ ਬਿਨਾ ਪੁੱਛਿਆਂ ਸਮਾਧ ਬਣਾਈ ਸੀ ।
ਜਿਦਣ ਅਸੀਂ ਲੰਮੇ ਪੈਕੇ ਮਿਣਿਆ ਸੀ,
ਲੋਕੀ ਆਂਦੇ ਸੀ ਪਾਤਸ਼ਾਹ ਹੁੰਦੇ ਤੇ ਘੱਟੇ ਵਿਚ ਮੂੰਹ ਰਗੜਦੇ ਤੇ ਲੇਟਦੇ ?
ਅਸਾਂ ਆਖਿਆ ਪਾਪੀਓ ਤੁਹਾਨੂੰ ਬੰਨ ਮਾਰਿਆ ਜੇ ।

ਬਾਬੇ ਹੋਰਾ ਦੀ ਲਖਾਈ ਸੀ
ਬਾਬੇ ਹੋਰਾਂ ਖੇਤਾ ਵਿਚ ਇਕ ਵੇਰਾਂ ਜਰੂਰ ਵਾੜਨਾ ਸੀ
ਅਜੇ ਖੇਲ ਵੇਖੋਗੇ ਅਸੀਂ ਅਜੇ ਸਮੇਂ ਨੂੰ ਵੇਂਹਦੇ ਆਂ
ਅਜੇ ਸੰਗਤਾਂ ਖੋਰੇ ਕਿਧਰ ਕਿਧਰ ਭੌਣਾ ਏ ।

ਅਸਾਂ ਐਨਾ ਚਰਨਾਂ ਨਾਲ ਸ੍ਰਿਸ਼ਟੀ ਮਲ ਸੁਟਣੀ ਆ ।
ਹੁਣ ਵੇਖਿਓ ਕਿਸ ਤਰਾਂ ਧੱਕਾ ਮਾਰਦੇ ਆਂ ।
ਦੁਨੀਆ ਨੇ ਧੱਕਾ ਨਹੀਂ ਝੱਲਣਾ ।

ਈਸ਼ਰ ਦੀ ਗਤੀ ਨੂੰ ਕੋਈ ਲਖ ਨਹੀਂ ਸਕਦਾ ।
ਜੇ ਆਖੀਏ ਈਸ਼ਰ ਨੂੰ ਰਜਾ ਲਈਏ ਤੇ ਕੋਈ ਰਜਾ ਨਹੀਂ ਸਕਦਾ ।
ਜੇ ਕਰੇ ਤਾਂ ਤਿਲਾ ਫੁਲਾਂ ਨੂੰ ਕੱਖਾਂ ਤੋਂ ਲੱਖਾਂ ਕਰ ਦੇਂਦਾ ਜੇ ।
ਏਨ੍ਹਾਂ ਜੀਆਂ ਦਾ ਕੀ ਵਸ ਆ ਈਸ਼ਰ ਦੀ ਗਤੀ ਨੂੰ ਲਖ ਸਕਣ ।
ਭਾਵੇਂ ਵਿਚ ਬੈਠਾ ਹੋਵੇ ਭਾਵੇਂ ਰੜੇ ਬੈਠੇ ਹੋਈਏ ।

ਢਾਈ ਕਰਮਾਂ ਧਰਤੀ ਮੰਗੀ, ਸੰਗਤ ਦੇ ਵਿਚ ਆਣਕੇ ।
ਵੇਖੋ ਭੁਲੇਖਾ ਕਿਡਾ ਸੀ, ਢਾਈ ਮੰਨ ਲਈ,
ਆਖਿਆ ਮੇਰਾ ਕੀ ਵਿਗੜਨਾ । ਮੈਂ ਨੌ ਖੰਡਾਂ ਦਾ ਮਾਲਕ ।
ਤੇ ਸਾਰੀ ਸ੍ਰਿਸ਼ਟੀ ੨ ਕਰਮਾਂ ਹੋਈ ਤੇ ਆਖਿਆ ਲਿਆ ਭਗਤਾਂ
ਤੇ ਲੰਮਾ ਪੈ ਗਿਆ ਤੇ ਫੜਕੇ ਗਲ ਨਾਲ ਲਾ ਲਿਆ ਤੇ
ਪਤਾਲ ਦਾ ਰਾਜਾ ਬਣਾ ਦਿਤਾ ।

ਜਿੰਨਾ ਚਿਰ ਈਸ਼ਰ ਨਾ ਹੋਵੇ ਕਿਹੜਾ ਦੱਸੇ ।
ਪਿਓ ਨਾ ਹੋਊ ਤੇ ਪੁੱਤ ਕਿਥੋਂ ਹੋ ਜੂ ।

ਗੰਜਾ ਕਿਥੇ, ਆਜਾ ਐਧਰ, ਫੜਲਾ ਗੰਜਿਆ ਲੈ ਜਾ
ਪਰੇ ਸੰਗਤ ਤੇ ਹੋ ਜਾ ।

ਚਾਰੇ ਪੱਲੇ ਫੜ ਲਓ, ਸਾਡਾ ਚੌਰ ਦੇ ਦਿਓ ਲੰਮਾ,
ਤੇ ਪੜ੍ਹੋ ਸ਼ਬਦ
"ਪ੍ਰੇਮ ਪਟੋਲਾ ਤੈਸ਼ਹੁ ਦਿਤਾ ਢਾਕਣ ਕੋ ਪਤ ਮੇਰੀ ਜੀ" ।

ਬਚਨ ਕਰਨਾ ਹੁੰਦਾ ਜੀਹਨੂੰ ਵਿਚਾਰ ਬਚਨ ਦੀ,
ਐਹੋ ਜਈ ਖੇਡ ਅਮਲੀਆ ਕਦੀ ਹੋਈ ਸੀ ।
ਧੰਨ ਧੰਨ ਅਮਲੀਆ ਤੁਹਾਨੂੰ ਕਹਿਣਾ ਚਾਹੀਦਾ ।

ਦਸਵੇਂ ਪਾਤਸ਼ਾਹ ਨੇ ਆਪਣੇ ਬੱਚੇ ਵਾਰ ਤੇ ਸੀ
ਤੇ ਤੂੰ ਇਕ ਸੰਗਤ ਬਦਲੇ ਦੇ ਤਾ ਤੇ ਕੀ ਹੋਇਆ ।
ਏਸੇ ਕਰਕੇ ਗੰਜੇ ਨੂੰ ਆਖਤਾ ਸੀ ਓਹ ਵੀ ਪੌਣ ਆ
ਜੇਹੜੀ ਵਿਚੋਂ ਨਿਕਲ ਜਾਦੀ ਆ ।

ਕਲਜੁਗ ਵਿਚ ਅਮਲੀਆ ਪਹਿਲਾ ਕਹਿਰ ਤੇਰੇ ਨਾਲ ਹੋਇਆ
ਸਾਡੇ ਚਰਨਾਂ ਵਿਚ ।
ਸਾਡੇ ਚਰਨਾਂ ਦਾ ਵਾਸ ਮੰਗੋ,
ਕੋਲ ਲੈ ਜੇ ਤੇ ਵਾਸ ਹੋਵੇ ਨਾ ।

ਨਾ ਓਹ ਤੇਰਾ ਨਾ ਕਿਸੇ ਦਾ, ਜੀਹਦੀ ਦਾਤ ਸੀ ਓਹਦੇ ਪਾਸ ਆ ।

ਪ੍ਰੀਤਮ ਸਿੰਘ ਨੂੰ ਕਿਹਾ ਸੀ ਬੜਾ ਭਾਰ ਈ ਸੰਗਤ ਦਾ,
ਇਕ ਅਸੀਂ ਜਰੂਰ ਖੜਨਾ ਸੀ ।
ਕੋਈ ਨਾ ਕੋਈ ਜਰੂਰ ਲੈ ਜਾਣਾ ਜੀਅ,
ਅਸਾਂ ਤਾਂ ਆਪਣਾ ਵਿਹਾਰ ਕਰਨਾ ਸੀ ।
ਵਿਹਾਰ ਤੇ ਕਾਰ ਕਰਨੀ ਸੀ ।

ਦੁਨੀਆ ਥੁੱਕਾਂ ਮੂੰਹ ਵਿਚ ਪੌਦੀ ਆ, ਐਡਾ ਗੁਰੂ ਤੇ ਬਚਾਇਆ ਫੇਰ ਨਹੀਂ ।

ਅਮਲੀਆ ਦੇਹ ਤਾਂ ਅਸਾਂ ਆਪਣੀ ਨਾਲ ਪਿਆਰ ਨਹੀਂ ਕੀਤਾ ।
ਅੱਗੇ ਓਅੰਕਾਰ ਸੀ, ਤੇ ਹੁਣ ਹੋਰ ਕੋਈ ਰੱਖਾਂਗੇ ।

ਸਾਰੀ ਦੁਨੀਆ ਮਿਟਜੂ ਤੇ ਤੂੰ ਰਹੇਗਾ ।
ਸੰਸਾਰ ਕਰਕੇ ਦੁਖ ਆ, ਤੇ ਵਿਹਾਰ ਕਰਕੇ ਨਹੀਂ ।
ਜਿਹੜੇ ਸਿਖ ਨੇ ਏਸ ਵੇਲੇ ਨੂੰ ਲੱਭਦੇ,
ਬਚਨ ਤੋਂ ਬਿਨਾ ਨਾ ਕੋਈ ਔਦਾ ਤੇ ਨਾ ਕੋਈ ਜਾਂਦਾ ।
ਬਚਨ ਕਰੀਏ ਤੇ ਦੇ ਜਾਈਏ ਬਚਨ ਕਰਦੇ ਹੋਈਏ ਤੇ ਲੈ ਜਾਈਏ ।

ਪਰਸੋਂ ਜਦੋਂ ਸ਼ਬਦ ਪੜਾਇਆ ਸੀ "ਜਗਤ ਮੇਂ ਝੂਠੀ ਦੇਖੀ ਪ੍ਰੀਤ"
ਤੇ ਕਿਸੇ ਨੇ ਅਰਜ ਨਹੀਂ ਕੀਤੀ ਕਿ ਸੱਚੇ ਪਾਤਸ਼ਾਹ
ਐਡੇ ਰਸ ਵਿਚ ਬੈਠੇ ਤੁਸੀ ਮਾਰੂ ਵਿਰਾਗ ਵਿਚ ਹੋ ਗਏ ਜੇ ।

ਐਥੇ ਜਾਈਏ ਤੇ ਤੁਹਾਨੂੰ ਐਥੋਂ ਸਿਧਾ ਨਹੀ ਦੀਂਅਦਾ
ਕੰਧ ਦਾ ਵੀ ਓਹਲਾ ਹੋ ਜੇ ਤੇ ।

ਇਹ ਖੇਡ ਵਰਤਾਈ ਜੇ
ਅਸੀਂ ਧਾਮ ਤਾਂ ਨਹੀਂ ਨਾ ਛੱਡ ਕੇ ਭੱਜ ਜਾਂਦੇ ।
ਜਿਸ ਤਰਾਂ ਪਾਲ ਸਿੰਘ ਨੂੰ ਨਾਲ ਲਾਈ ਫਿਰਦੇ ਆ,
ਏਸੇ ਤਰਾਂ ਉਗਲ ਨਾਲ ਲਾਈ ਫਿਰਾਂਗੇ ।
ਦਰਸ਼ਨ ਕਰਾਇਆ ਕਰਾਂਗੇ ।

ਸੰਗਤ ਨੂੰ ਪਹਿਲੀ ਜੇਠ ਪੰਜਵੀ ਨੂੰ ਹੁਕਮ ਕੀਤਾ ਸੀ
ਕਿ ਅਸੀਂ ਆਪ ਲਿਖਾਈ ਕਰਾਂਗੇ ।

ਜਦੋਂ ਗਗਨ ਹਿਲਿਆ ਪਤਾਲ ਤਾਂ ਹਿਲਣਾ ਹੋਇਆ ।
ਏਸੇ ਤਰਾਂ ਏਨ੍ਹਾਂ ਚਰਨਾਂ ਨਾਲ ਪਤਾਲ ਮਲ ਸੁੱਟਣਾ ਜੇ ।

ਇਹ ਬਚਨ ਮੋੜਨਾ ਕੋਈ ਥੋੜੀ ਗਲ ਨਹੀਂ,
ਅਸੀਂ ਕਿਸ ਤਰਾਂ ਲੱਕ ਟੁੱਟੇ ਵਾਂਙੂੰ ਪਏ ਸਾਂ ।

ਅਮਲੀਆ ਕਲ ਵੀ ਵੇਲਾ ਸੀ ਜਦੋਂ ਮੋਤੇ ਨੂੰ ਉਠਾਇਆ ਸੀ,
ਅਸਾਂ ਆਖਿਆ ਅਮਲੀ ਹੋਰੀ ਭੁੱਲ ਬਖਸ਼ਾ ਲੈਣ,
ਕੋਈ ਸਿਖ ਨਹੀਂ ਮੂੰਹੋਂ ਫੁੱਟਿਆ ।

ਸੁਰਤ ਨੇ ਬਚਨ ਮੋੜਿਆ ਸੀ ਭੁਚਰ
ਤੇ ਕੀ ਹਾਲ ਹੋਇਆ ਸੀ ।
ਕਹਿਰ ਵਰਤਿਆ ਸੀ ।

ਵਿਚ ਤਾਂ ਕੁਛ ਨਹੀਂ, ਨੱਪਣਾ ਘੁੱਟਣਾ ਕੀਹਨੂੰ ਆ ।
ਤਿੰਨ ਘੰਟੇ ਹੋ ਗਏ ਨੇ ਦੇਹ ਛੱਡੀ ਨੂੰ,

ਅਜੇ ਤਾਂ ਸੱਟ ਵੱਜੀ ਆ ਨ,
ਬਾਕੀ ਤਾਂ ਕੋਈ ਨਹੀਂ ਨਾ ਰਹੀ ।

ਓਥੇ ਕੋਲ ਕੌਣ ਆ ।

ਹੁਣ ਉਲਟੀ ਜਈ ਬਣ ਜਾਣੀ ਊ,
ਦੁਨੀਆ ਤੇ ਆਖਿਆਈ ਬੜੀ ਹੋਊ,
ਇਹ ਤਾਂ ਬੰਸ ਗਾਲਣ ਵਾਲੀ ਗਲ ਹੋ ਜਾਣੀ ਆ ।

ਸੰਸਾਰ ਦਾ ਮੋਹ ਕਰਕੇ ਦੁੱਖ ਆ,
ਵਸਤੂ ਦਾ ਪਤਾ ਨਹੀਂ ਏ ਕਿਥੇ ਪਈ ਆ ।

ਸਿਖ ਆ ਤੇ ਬੇਬੇ ਸਿਖ ਈ ਰਹਿੰਦੇ ਨੇ,
ਏਥੇ ਓਥੇ ਸਾਡੇ ਈ ਸਿਖ ਰਹਿੰਦੇ ਨੇ ।

ਸਾਨੂੰ ਕੋਈ ਓਹਲਾ ਸਿਖਾਂ ਦਾ ।
ਤੁਹਾਨੂੰ ਮੋਹ ਕਰਕੇ ਏਨੀ ਤਕਲੀਫ ਉਲਟੀ ਬੜੀ ਹੋ ਜੂ,
ਤਕਲੀਫ ਬੜੀ ਉਠੌਣੀ ਪਊ ਫੇਰ ।

ਬੇਬੇ, ਸਾਨੂੰ ਘਾਟਾ ਤਾਂ ਕੋਈ ਨਹੀਂਗਾ ਅਮਲੀਆ ਸਾਨੂੰ ਦਿਸਦਾ ।
ਝੱਲੀ ਨਹੀਊ ਜਾਂਦੀ ਆਖਿਆਈ,
ਇਹ ਤਾਂ ਜੁਗ ਉਲਟੌਣ ਜਿੰਨਾਂ ਕੰਮ ਹੋ ਜਾਣਾ ਜੇ ।

ਅਮਲੀਆ ਚਲੋ, ਤੁਸੀ ਸਾਰੇ ਜਾਓ, ਤੁਹਾਡੇ ਕਰਮ ।
ਪਰਸੌਂ ਬਚਨ ਮੋੜਿਆ ਤੇ ਕਲ ਅਸਾਂ ਫੇਰ ਚੇਤਾ ਕਰਾਇਆ,
ਤੁਸਾਂ ਭੁੱਲ ਨਹੀ ਬਖਸ਼ਾਈ ਸਗੋ ਹੱਸਦੇ ਸੀ ।

ਕਿੱਡਾ ਰਸ ਦੇ ਨਾਲ ਸਾਡਾ ਸੰਗਤ ਦੇ ਵਿਚ ਬਚਨ ਸੀ ਪਹਿਲਾ,
ਤੇ ਚਬਲ ਕਹਿਰ ਮੰਗਦਾ ਸੀ ।

ਸੂਰਤਾ ਮੋਤਿਆ ਕੀ ਕੰਮ ਕਰਨਾ ਜੇ, ਸੰਸਾਰ ਵਿਚ ਉਲਟ ਹੋਜੂ ।
ਰੀਤੀ ਬੜੀ ਉਲਟ ਹੋ ਜਾਣੀ ਆ ।

*ਪਾਤਸ਼ਾਹ ਜਿਸ ਤਰਾਂ ਤੁਹਾਡੀ ਮਰਜੀ ਆ ਕਰੋ ।*

ਮਰਜੀ ਤਾਂ ਅਸਾਂ ਕਰ ਲਈ ਆ,
ਹੁਣ ਅੱਗੇ ਆਂਦੇ ਨੇ ਅਸੀਂ ਦੁੱਖ ਝੱਲਾਂਗੇ ।
ਦੁੱਖ ਨਹੀਂ ਜੇ ਝੱਲਿਆ ਜਾਣਾ,
ਅਸੀ ਕਲ ਮੋਤੇ ਨੂੰ ਉਠਾਇਆ ਤੇ ਅਮਲੀ ਨੂੰ ਬਚਨ ਠਰਕਾਇਆ
ਤੇ ਫੇਰ ਵੀ ਏਨਾਂ ਭੁੱਲ ਨਹੀਂ ਮੰਨੀ ।

ਦਰਸ਼ਨ ਸਿੰਘ ਬਾਰੇ ਕਿੰਨੀਆ ਬੇਨਤੀਆਂ ਨਾਲੋ ਨਾਲ ਹੁੰਦੀਆ ਰਹੀਆਂ ਨੇ
ਤੇ ਫੇਰ ਵੀ ਕਿੰਨਾ ਕਸ਼ਟ ਹੋਇਆ ਤੇ ਤਕਲੀਫ ਹੋਈ ਆ ।

ਓਸ ਤਰਾਂ ਤਾਂ ਜਿਥੇ ਆਖੋ ਚੁੱਕ ਕੇ ਸੁੱਟ ਦੇਨੇ ਆਂ,
ਅਜੇ ਤਾਂ ਚੀਜ ਏਥੇ ਹੁੰਦੀਆ ।

ਜਦੋਂ ਪੂਰਨ ਸਿੰਘ ਆਇਆ ਸੀ ਨ ਭੱਜਕੇ ਤੇਰੀ ਵਲ,
ਓਦੋਂ ਏ ਕੰਮ ਹੁੰਦਾ ਸੀ ।
ਓਧਰੋਂ ਘਰੋਂ ਤੁਰੇ ਸਾਂ ਤੇ ਓਧਰੋਂ ਦੀਪੇ ਆਖਿਆ
ਪਾਤਸ਼ਾਹ ਸ਼ਬਦ ਨਹੀਂ ਜੇ ਪੜ੍ਹੌਂਦੇ,
ਚੁੱਪ ਕਰਕੇ ਬੈਠੇ ਜੇ ।
ਸੰਗਤ ਚੁੱਪ ਕਰਕੇ ਬੈਠੀ ਆ ।
ਦੱਸ ਦਿਓ ਸੰਗਤੇ ਭਈ ਅਸੀਂ ਭਾਰ ਚੁਕਾਗੇ ।

ਅਸੀਂ ਫੜਦੇ ਵੀ ਓਥੋਂ ਆ ਜਿਥੇ ਪਤਾ ਹੋ ਕੇ ਭੁੱਲਣ ।

ਮੋਹਣ ਸਿੰਘ ਇਕ ਬਚਨ ਵਿਚ ਰਗੜਿਆ ਗਿਆ ਜੇ ।
ਓਦਰੋਂ ਤਾਂ ਸਾਡੇ ਕੋਲ ਆ ਭਾਵੇਂ ਕਿਤੇ ਹੋਵੇ,
ਐਦਰੋਂ ਤਾਂ ਰਗੜਿਆ ਗਿਆ ਨਾ ।

ਸਾਨੂੰ ਦੁੱਖ ਨਹੀਂ ਸਾਨੂੰ ਸਗੋਂ ਖੁਸ਼ੀ ਹੁੰਦੀ ਆ,
ਜਿਨੀ ਚੀਜ ਸਾਡੇ ਕੋਲ ਆਵੇ ।
ਅਜੇ ਤਾਂ ਓ ਚੀਜ ਜੇਹੜੀ ਆ ਸਾਡੀ ਮੁੱਠ ਵਿਚ ਆ,
ਦੋ ਦਿਨ ਹੋਗੇ, ਏਹਨੇ ਭੁੱਲ ਨਹੀਂ ਮੰਨੀ ।
ਆਖਿਆ ਨਹੀਂ ਗਾ ਪਾਤਸ਼ਾਹ ਬਚਨ ਮੋੜਿਆ ਗਿਆ ਤੇ ਦਇਆ ਕਰੋ ।

ਬਚਨ ਮੋੜਨਾ ਵੜਾ ਕਹਿਰ ਆ,
ਅਸੀਂ ਠੰਡ ਵਰਤਾਈਏ ਤੇ ਸਿਖ ਕਹਿਰ ਮੰਗੇ,
ਕਿੱਡੀ ਗਲਤੀ ਜੇ ।